# ਅੱਜ ਕੱਲ੍ਹ ਅਸੀਂ

(ਕਵਿਤਾਵਾਂ)

# ਅੱਜ ਕੱਲ੍ਹ ਅਸੀਂ

(ਕਵਿਤਾਵਾਂ)

ਮਨਜੀਤ ਬਰਾੜ

*Punjabi Poetry/Gazal*

ISBN : 978-93-5017-868-3
Price : 150/-

**Aaj Kal Asin**
*Poetry by*

**Manjit Brar**
Vill. Mahianwala Khurd
Teh. Zeera, Ferozepur
Mob: 94643-13471
Email : brarmanjit4@yahoo.com

2012
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2012*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਸਤਿਕਾਰ ਯੋਗ ਪਿਤਾ ਜੀ
ਜਿੰਨ੍ਹਾਂ ਹਲ ਦੀ ਥਾਵੇਂ ਹੱਥ 'ਚ ਕਿਤਾਬ ਫੜ੍ਹਾਈ

ਸਵਰਗਵਾਸੀ ਮਾਤਾ ਜੀ
ਜਿੰਨ੍ਹਾਂ ਦੀਆ ਲੋਰੀਆਂ ਮੇਰੀ ਕਵਿਤਾ ਬਣੀਆਂ

'ਤੇ
ਪੱਕੇ ਘਰ੍ਹਾਂ 'ਚ ਆਲ੍ਹਣਿਆਂ ਲਈ ਥਾਂ
ਲੱਭਦੀਆਂ ਫਿਰਦੀਆਂ ਚਿੜੀਆਂ ਦੇ ਨਾਂ।

# ਤਤਕਰਾ


* ਮਨਜੀਤ ਦੀ ਕਵਿਤਾ /—ਅਜਮੇਰ ਰੋਡੇ 10
* ਸਫ਼ਰ ਤੇ ਤੁਰਨ ਤੋਂ ਪਹਿਲਾਂ/ਮਨਜੀਤ ਬਰਾੜ 13


## ਬੀਜ ਰੂਪ


➪ ਸ੍ਰਿਸ਼ਟੀ ਰਚਨਾ 18
➪ ਤੈਨੂੰ ਇੰਝ ਮਿਲਾਂ 19
➪ ਕੀ ਕਹੀਏ ? 20
➪ ਕਵਿਤਾ 21
➪ ਕਣ - ਕਣ 22
➪ ਅੱਜ ਦੀ ਸ਼ਾਮ 23
➪ ਪਪੀਹਾ 24
➪ ਅਦਾ 25
➪ ਡਰ 26
➪ ਇੱਛਾ 27
➪ ਅਣਹੋਈਆਂ 28
➪ ਤਾਜਮਹੱਲ 29
➪ ਦੋ ਰੰਗ 30
➪ ਧਰਤੀ ਆਪੋ ਆਪਣੀ 31
➪ ਲੋਕ ਤਾਂ ਚਾਹੁੰਦੇ 32
➪ ਆਨੰਤ 33
➪ ਸਭ ਤੇਰਾ 34
➪ ਤੇਰਾ ਰੂਪ 35
➪ ਨੂਰ-ਦੁਆਰਾ 36
➪ ਉਡੀਕ 37

➩ ਕਸੂਰ 38
➩ ਤੇਰੇ ਹੱਥੋਂ 39
➩ ਯਾਦ ਰੱਖੀਂ 40
➩ ਹਰਫ਼ 41
➩ ਅੰਤਰ ਸਮਝ 42
➩ ਖਾਮੋਸ਼ ਸਾਧਨਾ 43
➩ ਫੁੱਲ ਆਖਦੈ 44
➩ ਤੇਰੀ ਥਾਂ 45
➩ ਉਮਰਾਂ ਦੀ ਟਾਹਣੀ 46
➩ ਆਪਣੇ ਲੋਕ 47
➩ ਮਨ ਦੀਆਂ ਅੱਖਾਂ ਨਾਲ 48
➩ ਫ਼ਰਕ 49
➩ ਦਸਤਕ 50
➩ ਤਸਵੀਰ 51
➩ ਭਰਮ 52
➩ ਤੇਰੀ ਅੱਖ 53
➩ ਚੁੰਮਣ 54
➩ ਖ਼ੁਦਾ 55
➩ ਪੂਰਨ 56
➩ ਟੁੱਟਦਾ ਤਾਰਾ 57

## ਅੱਧ-ਵਾਟੇ

➩ ਨਾਨਕ 60
➩ ਲੋਹੜੀ 61
➩ ਮਾਘੀ 62
➩ ਦੀਵਾ 63
➩ ਅੱਧ ਅਧੂਰੇ 64
➩ ਸਿਰਨਾਵੇਂ 65
➩ ਜੇ ਭੁੱਲ ਗਿਆ ਮੈਂ ਤੈਨੂੰ 66

- ਉਦਾਸ ਸ਼ਾਮ 67
- ਨਾ ਪਰ ਦੁਲਹਨ , ਨਾ ਹੀ ਕੰਤ 68
- ਜੰਗਲ 70
- ਕਿੰਨਾਂ ਤਰਸਦਾ ਰਿਹਾਂ 71
- ਪਛਾਣ 72
- ਨਿੱਤ ਕਿਰਿਆ 73
- ਚਾਰ ਦੀਵੇ 74
- ਅਣਗੌਲੇ 75
- ਅਲਵਿਦਾ 76
- ’ਤੇ ਆਖ਼ਿਰ 77
- ਤੇਰਾ, ਤੇਰੇ ਨਾਵੇਂ 78
- ਆਜੜੀ 79
- ਮੈਂ ਵਡਭਾਗੀ 80
- ਮਕਬਰਾ 81
- ਫੌਜੀ ਦੀ ਡਾਇਰੀ 82
- ਲੋਚਾ 84
- ਕਦੇ ਉਹ 85
- ਵੀਣਾ ਦਾ ਰਾਗ 86
- ਵੇ ਮੇਰੇ ਚੰਨਣਾ 87


## ਲੰਬੀਆਂ ਕਵਿਤਾਵਾਂ


- ਉਹ ਹੁਣ ਵੀ ਉਡੀਕਦੀ ਹੈ 90
- ਅੱਜਕੱਲ੍ਹ ਅਸੀਂ 92
- ’ਤੇ ਲੰਘ ਗਈ 95
- ਵੱਡਾ ਗਰੀਬ 97
- ਅਮੁੱਕ ਸਫ਼ਰ 99
- ਚਿਰਾਂ ਦੇ ਯੁੱਧ ਪਿੱਛੋਂ 101
- ਗਜ਼ਲਾਂ 103-107

# ਮਨਜੀਤ ਦੀ ਕਵਿਤਾ

ਮਨਜੀਤ ਨੇ ਫੋਨ ਤੇ ਸੰਖੇਪ ਜਿਹੀ ਗੱਲਬਾਤ ਕੀਤੀ ਤੇ ਕਿਹਾ ਆਪਣੀਆਂ ਕੁਝ ਅਣਪ੍ਰਕਾਸ਼ਤ ਕਵਿਤਾਵਾਂ ਭੇਜ ਰਿਹਾ ਹਾਂ। ਕੋਈ ਸੁਝਾਅ ਦੇ ਸਕੋਂ ਤਾਂ ਮਿਹਰਬਾਨੀ; ਮੇਰਾ ਪਿੰਡ ਵੀ ਤੁਹਾਡੇ ਪਿੰਡਾਂ ਵੱਲ ਈ ਐ। ਮਨਜੀਤ ਦੀ ਪਿਛਲੀ ਗੱਲ ਵੱਲ ਮੈਂ ਬਹੁਤਾ ਧਿਆਨ ਨਾ ਦਿੱਤਾ ਪਰ ਕੁਝ ਦੇਰ ਪਿਛੋਂ ਉਤਸੁਕਤਾ ਹੋਈ ਕਿ ਉਸਨੇ ਕਵਿਤਾ ਵਿਚ ਸਾਡੇ ਲੋਕਾਂ, ਪਿੰਡਾਂ, ਕਸਬਿਆਂ ਦੀ ਮਾਨਸਿਕਤਾ ਤੇ ਸੰਸਕ੍ਰਿਤੀ ਨੂੰ ਕਿਸ ਤਰ੍ਹਾਂ ਸਮੋਇਆ ਹੋਵੇਗਾ। ਮੈਂ ਆਪਣੀ ਕਵਿਤਾ ਵਿਚ ਅਜਿਹਾ ਕੁਝ ਘੱਟ ਹੀ ਕਰ ਸਕਿਆ ਸਾਂ। ਮੇਰੇ ਪਿੰਡ ਰਹਿਣ ਸਮੇਂ ਪੰਜਾਬ ਵਿਚ ਪ੍ਰਗਤੀਵਾਦ ਦਾ ਬੋਲਬਾਲਾ ਸੀ ਤੇ ਇਹ ਵਾਦ ਸਾਡੀ ਸੋਚ ਅਤੇ ਭਾਵਨਾਵਾਂ ਤੇ ਇਕ ਨਸ਼ੇ ਵਾਂਗ ਛਾਇਆ ਹੋਇਆ ਸੀ। ਪ੍ਰਗਤੀਵਾਦ ਦੀ ਮੰਗ ਸੀ ਕਿ ਕਵਿਤਾ ਵਿਸ਼ਵ ਵਿਆਪੀ 'ਮਹਾਨ' ਵਿਸ਼ਿਆਂ ਤੇ ਲਿਖੀ ਜਾਵੇ। ਕੁਦਰਤ ਦਾ ਜਸ, ਨਿੱਜੀ ਅਨੁਭਵ, ਪਿਆਰ, ਬਿਰਹਾ, ਗੁੱਸੇ ਗਿਲੇ ਵਰਗੇ ਭਾਵਾਂ ਨੂੰ ਕ੍ਰਾਂਤੀ ਆਉਣ ਤੱਕ ਮੁਲਤਵੀ ਕਰ ਦਿੱਤਾ ਜਾਵੇ। "ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ (ਫੈਜ਼)" ਵਰਗੀਆਂ ਕਵਿਤਾਵਾਂ ਸਾਡੀ ਪ੍ਰੇਰਨਾ ਸਨ। ਅਜੋਕੇ ਕਵੀ ਵੀ ਸਮਾਜਿਕ ਉਲਝਣਾਂ ਜਾਂ ਰਾਜਸੀ ਸ਼ੋਸ਼ਣ ਤੇ ਲਿਖ ਰਹੇ ਹਨ ਪਰ ਉਹ ਇਸ ਸੋਚ ਤੋਂ ਪਾਸੇ ਹਟ ਕੇ ਲਿਖਣ ਲਈ ਵੀ ਸੁਤੰਤਰ ਹਨ ਤੇ ਪਰਵਾਨ ਹਨ। ਮਨਜੀਤ ਦੀ ਪਹਿਲੀ ਕਵਿਤਾ "ਸ੍ਰਿਸ਼ਟੀ ਰਚਨਾ" ਹੈ;

ਜਦ ਟਹਿਣੀ ਦੇ ਉਤੇ ਕੋਈ
ਨਵੀਂ ਕਰੂੰਬਲ ਫੁੱਟਦੀ
ਧਰਤੀ ਸੂਤਕ ਪੀੜ ਹੰਢਾਉਂਦੀ
ਜਾਪੇ ਧਰਤੀ ਗਰਭਵਾਨ ਸਦ ਰਹਿੰਦੀ

ਮਨਜੀਤ ਧਰਤੀ ਉਤੇ ਹੋ ਰਹੇ ਮਨੁੱਖ ਅਤੇ ਵਾਤਾਵਰਣ ਦੇ ਸ਼ੋਸ਼ਣ ਤੋਂ ਅਣਜਾਣ ਨਹੀਂ ਪਰ ਆਪਣੀ ਇਸ ਕਵਿਤਾ ਵਿਚ ਉਸਨੇ ਧਰਤੀ ਮਾਂ ਨੂੰ ਹੋਰ ਅੱਖ ਨਾਲ ਵੇਖਿਆ ਹੈ। ਉਹ ਮਨੁੱਖ ਦੀ ਕਰਨੀ ਤੋਂ ਬੇਲਾਗ ਨਿਰੰਤਰ ਆਪਣਾ ਕਰਮ ਕਰ ਰਹੀ ਹੈ, ਨਿਰੰਤਰ ਗਰਭਵਾਨ ਹੋ ਰਹੀ ਹੈ। ਗਰਭ ਦੀ ਅਵਸਥਾ ਵਿਚ

ਨਵ ਰਚਨਾ ਦਾ ਇਕਰਾਰ ਹੈ, ਆਸਾ ਦੀ ਵਾਰ ਹੈ; ਇਸੇ ਲਈ ਧਰਤੀ ਦਾ ਇਹ ਬਿੰਬ ਸਾਨੂੰ ਪਿਆਰਾ ਲੱਗਦਾ ਹੈ। ਇਹ ਕਵਿਤਾ ਮੈਨੂੰ ਕਮਰੇ ਚੋਂ ਕੱਢ ਕੇ ਫੁੱਟਦੀਆਂ ਕਰੂੰਬਲਾਂ ਵਿਚਕਾਰ ਲੈ ਗਈ ਤੇ ਮੈ ਸੁਭਾਵਕ ਹੀ ਆਪਣੇ ਪਿੰਡ ਦੇ ਖੇਤਾਂ ਵਿਚ ਘੁੰਮਣ ਲੱਗਾ ਜਿਥੇ ਮੈਂ ਪਿਛਲੇ ਸਾਲ ਹੋ ਕੇ ਆਇਆ ਸਾਂ। ਮਨਜੀਤ ਦੀਆਂ ਕਵਿਤਾਵਾਂ ਵਿਚ, ਜਿਵੇਂ ਕਿ ਉਮੀਦ ਸੀ, ਸਾਡੀ ਜਨਮ ਭੋਇੰ ਦੇ ਰੰਗ ਰੂਪ, ਅਗਨ, ਧੂੰਏਂ, ਲੋਹੜੀਆਂ, ਮਧਾਣੀਆਂ, ਲੋਕ ਗੀਤ, ਰੌਲੇ ਰੱਪੇ ਸਭ ਕੁਝ ਅੰਕਿਤ ਹੋਏ ਮਿਲੇ। ਪਰ ਉਹ ਆਪਣੇ ਅਨੁਭਵ ਨੂੰ ਕੇਵਲ ਜਨਮ ਭੋਇੰ ਦੇ ਸਥੂਲ ਚਿੰਨਾਂ ਤੱਕ ਹੀ ਸੀਮਤ ਨਹੀਂ ਰੱਖਦਾ ਸਗੋਂ ਉਥੋਂ ਦੀ ਬੋਲੀ, ਮੁਹਾਵਰੇ, ਲੋਕਾਂ ਦੇ ਚਲਣ, ਗੁਣਾਂ ਔਗੁਣਾਂ ਤੋਂ ਪ੍ਰੇਰਨਾ ਲੈਂਦਾ ਹੋਇਆ ਮਨੁੱਖੀ ਮਨ ਦੇ ਸਰਵਸਾਂਝੇ ਤੱਤਾਂ ਤੱਕ ਪਹੁੰਚਦਾ ਹੈ, ਸਰਵਸਾਂਝੀ ਆਤਮਾ ਦੀ ਚੜ੍ਹਦੀ ਲਹਿੰਦੀ ਅਵਸਥਾ ਮਹਿਸੂਸ ਕਰਦਾ ਹੈ:

ਠਹਿਰ ਰੱਥਵਾਨ
ਸੂਹੇ ਫੁੱਲਾਂ ਦੇ ਬਾਗੀਂ
ਫਿਰ ਕਦੇ ਸਹੀ
ਅੱਜ ਦੀ ਸ਼ਾਮ
ਇਹਨਾਂ ਮੁਰਝਾਏ ਫੁੱਲਾਂ ਦੇ ਨਾਂ ਕਰ ਦੇਈਏ

ਪੰਜਾਬੀ ਦੇ ਪਦ-ਕਾਵਿ ਚੋਂ ਸੰਗੀਤ ਅਲੋਪ ਹੋ ਰਿਹਾ ਹੈ, ਮਨਜੀਤ ਦੀ ਕਵਿਤਾ ਵਿਚੋਂ ਨਹੀਂ। ਮਨਜੀਤ ਸੰਗੀਤਕ ਤੱਤਾਂ ਨੂੰ ਸੁਚੱਜੇ ਢੰਗ ਨਾਲ ਵਰਤਦਾ ਹੈ, ਅਕਾਊ ਤੁਕਾਂਤ ਵਾਂਗ ਨਹੀਂ। ਇਸੇ ਲਈ ਉਹਦੀ ਕਵਿਤਾ ਪੜ੍ਹਨ ਨੂੰ ਜੀਅ ਕਰਦਾ ਹੈ। ਉਸ ਨੇ ਕੁਝ ਕਵਿਤਾਵਾਂ ਆਧੁਨਿਕ ਕਥਾ- ਕਾਵਿ (ਨੈਰਟਿਵ ਸ਼ੈਲੀ) ਵਿਚ ਵੀ ਲਿਖੀਆਂ ਹਨ। ਨੈਰਟਿਵ ਕਾਵਿ ਵਿਚ ਤਾਲ ਦਾ ਤਾਂ ਧਿਆਨ ਰੱਖਿਆ ਜਾਂਦਾ ਹੈ ਪਰ ਤੁਕਾਂਤ ਤੋਂ ਪ੍ਰਹੇਜ਼ ਕੀਤਾ ਜਾਂਦਾ ਹੈ। ਕਈ ਨਿਪੁੰਨ ਅੰਗਰੇਜ਼ੀ ਕਵੀ ਸਤਰ ਦੇ ਵਿਚਕਾਰ ਤੁਕਬੰਦੀ ਕਰਦੇ ਹਨ ਜਿਸ ਨਾਲ ਕਵਿਤਾ ਹੋਰ ਸੰਗੀਤਕ ਬਣ ਜਾਂਦੀ ਹੈ ਤੇ ਤੁਕਾਂਤ ਤੋਂ ਬਚਾਅ ਰਹਿੰਦਾ ਹੈ। ਮਨਜੀਤ ਨੇ ਇਕ ਖ਼ੂਬਸੂਰਤ ਨੈਰਟਿਵ ਕਵਿਤਾ "ਅਣਹੋਈਆਂ" ਲਿਖੀ ਹੈ ਜੋ "ਖੰਭਾਂ ਦੀ ਡਾਰ ਬਣਾਉਣੀ" ਮੁਹਾਵਰੇ ਤੇ ਆਧਾਰਤ ਜਾਪਦੀ ਹੈ। ਇਸ ਵਿਚ ਤੁਕਾਂਤ ਤਾਂ ਹੈ ਪਰ ਕਵਿਤਾ ਛੋਟੀ ਹੋਣ ਕਰਕੇ ਇਹ ਚੁਭਦਾ ਨਹੀਂ:

ਕਿਧਰੇ ਕਿਸੇ ਨੇ ਰਾਹ ਵਿਚ ਡਿੱਠਾ ਖੰਭ ਕਿਸੇ ਇਕ ਪੰਖੀ ਦਾ
ਲੋਕਾਂ ਦੀ ਉਹ ਚੜ੍ਹ ਜੁਬਾਨੇ ਹੋ ਗਏ ਇਕ ਤੋਂ ਦੋ
ਇਕ ਜੁਬਾਨੋਂ ਦੂਜੀ, ਤੀਜੀ, ਹੋਈਆਂ ਚੌਥੇ ਘਰ ਜਾ ਗੱਲਾਂ
ਗੱਲੀਂ ਕੱਥੀਂ ਅਗਲੀ ਗਲੀਏ ਉਡ ਗਿਆ ਪੰਖੀ ਹੋ ॥

ਪੰਖੀ ਦੇ ਉਡਣ ਤੋਂ ਪਿੰਡਾਂ ਦੇ ਛਤਰੀਆਂ ਵਾਲੇ ਯਾਦ ਆਏ ਤੇ ਛਤਰੀਆਂ ਤੇ ਬੈਠੇ ਉਹਨਾਂ ਦੇ ਚੀਨੇ ਕਬੂਤਰ। ਸੋਚਿਆ ਕਵੀ ਦੀ ਕਲਪਨਾ ਵੀ ਚੀਨੇ ਕਬੂਤਰ ਵਾਂਗ ਹੈ। ਇਕ ਚੀਨਾ ਕਬੂਤਰ ਹਰ ਰੋਜ਼ ਆਪਣੀ ਜੂਹ ਵਿਚ ਹੀ ਗੇੜੇ ਦਿੰਦਾ ਹੈ। ਇਸਦੀ ਅੱਖ ਹਰ ਗੇੜੇ ਉਹਨਾਂ ਹੀ ਲੋਕਾਂ ਤੇ ਜੀਅ-ਜੰਤਾਂ ਨੂੰ ਵੇਖਦੀ ਹੈ ਪਰ ਇਹ ਅੱਖ ਇਕ ਕਿਣਕੇ ਚੋਂ ਸਗਲਾ ਸੰਸਾਰ ਵੇਖਣ ਵਾਲੀ ਤਿੱਖੀ ਅੱਖ ਹੈ। ਇਸ ਲਈ ਆਪਣੀ ਜੂਹ ਹੀ ਅਨੰਤ ਹੈ, ਹਰ ਗੇੜਾ ਨਵਾਂ ਗੇੜਾ ਹੈ। ਦੂਜਾ ਕਬੂਤਰ ਗੇੜੇ ਦਿੰਦਾ ਇਕ ਦਿਨ ਆਪਣੀ ਜੂਹ ਛੱਡ ਜਾਂਦਾ ਹੈ; ਅੱਗਿਓਂ ਨਵੀਆਂ ਜੂਹਾਂ ਵਿਚ ਉਡਦਾ ਹੈ। ਨਵੇਂ ਅਨੁਭਵ ਕਰਦਾ ਹੈ। ਦੋਵੇਂ ਸਵੈ ਇਛਾ ਦੇ ਪਿਛੇ ਪਿਛੇ ਉਡਦੇ ਹਨ, ਦੋਵੇਂ ਸਹੀ ਹਨ।

ਮਨਜੀਤ ਦੀ ਕਵਿਤਾ ਵਿਚ ਦੋਵੇਂ ਕਬੂਤਰ ਉਡਦੇ ਹਨ।

ਇਹ ਮਨਜੀਤ ਦੀ ਪਹਿਲੀ ਕਾਵਿ ਪੁਸਤਕ ਹੈ। ਇਸ ਵਿਚ ਉਹਨੇ ਕਈ ਰੂਪਾਂ ਵਿਚ ਕਵਿਤਾ ਲਿਖੀ ਹੈ। ਕੁਝ ਕਵਿਤਾਵਾਂ ਸਾਧਾਰਣ, ਰਵਾਇਤੀ ਛੰਦਾਂ ਵਿਚ ਵੀ ਹਨ। ਹੋਰ ਉਚੇਰੀ ਰਚਨਾਂ ਦੀਆਂ ਸੰਭਾਵਨਾਵਾਂ ਪ੍ਰਤੱਖ ਹਨ। ਮੁੱਖ ਤੌਰ ਤੇ ਉਸ ਦੀ ਕਵਿਤਾ ਵਿਚ ਸ਼ਬਦ, ਸਤਰ, ਮੁਹਾਵਰਾ, ਤਾਲ, ਸੰਗੀਤ ਤੇ ਹੋਰ ਕਾਵਿਕ ਤੱਤ ਮਿਲ ਕੇ ਇਕਸੁਰ ਹੁੰਦੇ ਹਨ। ਇਸ ਇਕਸੁਰਤਾ ਵਿਚੋਂ ਇਕ ਵਿਲੱਖਣ ਸੌਂਦਰਯ-ਸ਼ੈਲੀ ਦੀ ਝਲਕ ਪੈਂਦੀ ਹੈ। ਇਹ ਸ਼ੈਲੀ ਮਨਜੀਤ ਦੀ ਪ੍ਰਾਪਤੀ ਹੈ, ਪੰਜਾਬੀ ਕਵਿਤਾ ਦੀ ਵੀ।

**—ਅਜਮੇਰ ਰੋਡੇ**

# ਸਫ਼ਰ ਤੇ ਤੁਰਨ ਤੋਂ ਪਹਿਲਾਂ

"ਕੀ ਹਾਲ ਤੇਰਾ ਤੇ ਤੇਰੀ ਕਵਿਤਾ ਦਾ"

'ਕਾਹਦੀ ਕਵਿਤਾ ਤੇ ਕਾਹਦੇ ਹਾਲ ਜੀ' ਮੈਂ ਭਰੀ ਅਵਾਜ਼ ਨਾਲ ਕਿਹਾ।

"ਕਿਉਂ ਕੀ ਹੋਇਆ" ਉਹਨਾਂ ਅਚੰਭੇ ਨਾਲ ਪੁੱਛਿਆ।

ਕੋਈ ਵੀ ਤਾਂ ਧਿਆਨ ਨਹੀਂ ਦਿੰਦਾ, ਸਟੇਜ ਦੇ ਤਾਂ ਕੋਈ ਨੇੜੇ ਵੀ ਨਹੀਂ ਜਾਣ ਦਿੰਦਾ" ਮੇਰੀ ਅਵਾਜ਼ ਵਿਚ ਅਣਗੌਲੇ ਜਾਣ ਦਾ ਦਰਦ ਸੀ।

"ਕੋਈ ਮੇਰੀ ਬਾਂਹ ਨਹੀਂ ਫੜਦਾ", ਅਭੋਲ ਹੀ ਬੇਬਸੀ ਦੇ ਇਹ ਬੋਲ ਮੇਰੇ ਬੁੱਲਾਂ ਤੇ ਆ ਗਏ।

"ਲਿਆ ਹੱਥ ਦੇ ਮੈਨੂੰ ਆਪਣਾ" ਉਹਨਾਂ ਆਪਣਾ ਹੱਥ ਮੇਰੇ ਵੱਲ ਵਧਾਉਂਦਿਆਂ ਅਪਣੱਤ ਨਾਲ ਕਿਹਾ। ਜਿਵੇਂ ਕੋਈ ਸੁਪਨ ਦਰਵਾਜ਼ਾ ਮੇਰੇ ਲਈ ਖੁੱਲ੍ਹ ਗਿਆ ਹੋਵੇ, ਜਾਪਿਆ ਜਿਵੇਂ ਭੰਵਰ ਚੋਂ ਕੱਢ ਲੈਣ ਵਾਲਾ ਉਹ ਕੋਈ ਅਰਸ਼ੀ ਹੱਥ ਹੋਵੇ। 'ਤੇ ਮੈਂ ਤੁਰ ਪਿਆ ਭਾਵਨਾਵਾਂ ਦੇ ਰਾਹ।

" ਲੈ. . .ਮੈਂ ਫ਼ੜ ਲਿਆ ਤੇਰਾ ਹੱਥ"

'ਤੇ ਓਸ ਦਿਨ ਤੋਂ ਇਸ ਦੁਨੀਆਂ ਤੋਂ ਜਾਣ ਤੱਕ ਲਗਭਗ ਦਸ ਵਰ੍ਹੇ ਓਸ ਬੋਧੀ ਬਿਰਖ਼ ਦੀ ਛਾਂਵੇਂ ਬੈਠਣ ਦਾ ਸੁਭਾਗ ਮਿਲਦਾ ਰਿਹਾ। ਅਜਿਹੇ ਸਨ ਪ੍ਰੋ: ਰੁਪਿੰਦਰ ਮਾਨ, ਫਰੀਦਕੋਟ ਬ੍ਰਿਜਿੰਦਰਾ ਕਾਲਜ ਦੇ, ਜਿਨ੍ਹਾਂ ਮੇਰੇ ਮਨ ਦੀ ਕਾਵਿ ਕਿਆਰੀ ਵਿਚ ਉੱਗੇ ਬੇਤਰਤੀਬੇ ਫੁੱਲਾਂ ਨੂੰ ਤਰਤੀਬ ਬਖਸ਼ੀ।

ਬਹੁਤ ਸਾਧਾਰਨ ਸ਼ਬਦਾਂ ਵਿਚ, ਜਿਥੋਂ ਤੱਕ ਮੇਰਾ ਖਿਆਲ ਹੈ, ਅਜੇ ਮੈਂ ਵਾਦਾਂ ਦੀ ਕੰਧ ਵਿਚ ਤਾਂ ਕੈਦ ਨਹੀਂ ਹਾਂ, ਪਰ ਹੋਰ ਅਨੇਕ ਕੰਧਾਂ ਹਨ ਜਿਨ੍ਹਾਂ ਦੇ ਪਰਦਿਆਂ ਵਿਚ ਆਪਣੇ ਆਪ ਨੂੰ ਮਹਿਸੂਸਦਾ ਹਾਂ, ਬੜੀ ਸ਼ਿੱਦਤ ਨਾਲ। ਮੇਰੀ ਹਰ ਕਵਿਤਾ ਮੇਰੇ ਖ਼ੁਦ ਨਾਲ ਕੀਤੇ ਸਵਾਲ ਜਵਾਬ ਹੀ ਹਨ, ਕਿਸੇ ਅਣਦਿਸਦੇ ਹਨੇਰੇ ਤੋਂ ਪਾਰ ਪਾ ਲੈਣ ਲਈ ਮਾਰੇ ਗਏ ਹੱਥ ਪੈਰ।

ਇਸ ਕਿਤਾਬ ਦੀਆਂ ਕਵਿਤਾਵਾਂ ਦੀ ਸਮਾਂ-ਵਿੱਥ ਕੁਝ ਜ਼ਿਆਦਾ ਹੀ ਲੰਮੇਰੀ ਏ। ਸੰਨ 1996, ਜਦੋਂ ਮੇਰੀ ਉਮਰ ਕੋਈ ਅਠਾਰਾਂ ਕੁ ਵਰ੍ਹਿਆਂ ਦੀ ਰਹੀ ਹੋਵੇਗੀ, ਤੋਂ ਲੈ ਕੇ 2007 ਤੱਕ ਦੇ ਕਰੀਬ ਗਿਆਰਾਂ ਕੁ ਸਾਲਾਂ ਦੇ ਸਮੇਂ ਦਰਮਿਆਨ ਖਿੱਚੀਆਂ ਉਗੜ ਦੁਗੜ ਲਕੀਰਾਂ ਜਿਹੀਆਂ ਵਿਚ ਸਮੇਂ ਨਾਲ,ਮੈਂ ਇਹ ਤਾਂ ਨਹੀਂ ਕਹਾਂਗਾ ਕਿ ਪ੍ਰਪੱਕ ਹੋਈ, ਪਰ ਬਦਲਦੀ ਸੋਚ ਦੀਆਂ ਨਿਸ਼ਾਨੀਆਂ ਦਰਜ਼ ਹਨ। ਜਿਨ੍ਹਾਂ ਨੂੰ ਸਮਾਂ ਤਰਤੀਬ 'ਨੁਸਾਰ ਨਹੀਂ ਰੱਖਿਆ ਗਿਆ, ਬੱਸ ਐਵੇਂ ਹੀ ਢੇਰੀ ਜਿਹੀ ਬਣਾ ਦਿੱਤੀ ਹੈ।

2007 ਤੋਂ 2011 ਤੱਕ ਦੇ ਮੇਰੀ ਜ਼ਿੰਦਗੀ ਦੇ ਸਭ ਤੋਂ ਨਿਰਾਸ਼ ਵਰ੍ਹੇ, ਜਦੋਂ ਮੈਂ ਕੁਝ ਨਹੀਂ ਲਿਖਿਆ, ਜਾਂ ਇਉਂ ਕਹਾਂ ਕਿ ਲਿਖਣਾ ਹੀ ਭੁੱਲ ਗਿਆ। ਇਹ ਸਮਾਂ ਕਸ਼ਟਦਾਇਕ ਤਾਂ ਸੀ ਪਰ ਕੋਈ ਵੱਡਾ ਦੁੱਖ ਨਹੀਂ ਸੀ,ਬੱਸ ਚਿੰਤਾ ਸੀ ਜਿਹੜੀ ਵੱਡੀ ਜਾਂ ਛੋਟੀ ਨਹੀਂ ਹੁੰਦੀ, ਬੱਸ ਹੁੰਦੀ ਹੈ। 'ਤੇ ਜਿਵੇਂ ਮੇਰੇ ਅਜ਼ੀਜ਼ ਦੋਸਤ 'ਤੇ ਚੰਗੇ ਅਧਿਆਪਕ ਰਾਕੇਸ਼ ਸ਼ਰਮਾਂ ਜੀ, ਜਿਨ੍ਹਾਂ ਦਾ ਇਸ ਪੁਸਤਕ ਦੀ ਤਿਆਰੀ ਵਿਚ ਵੱਡਾ ਯੋਗਦਾਨ ਹੈ, ਨੇ ਕਿਹਾ ਸੀ ਕਿ, "ਕਵਿਤਾ ਦਾ ਸਿਰਜਣ ਦੁੱਖ ਵੇਲੇ ਤਾਂ ਹੋ ਸਕਦਾ ਹੈ, ਪਰ ਚਿੰਤਾ ਵਿਚ ਕਵਿਤਾ ਨਹੀਂ ਰਚੀ ਜਾਂਦੀ।" ਮੇਰੇ ਪਿਆਰੇ ਸ਼ਰਮਾਂ ਜੀ ਆਪ ਜੀ ਦਾ ਧੰਨਵਾਦੀ ਹੋ ਕੇ ਮੈਂ ਆਪ ਜੀ ਦੇ ਕੀਤੇ ਦਾ ਮੁੱਲ ਨਹੀਂ ਘਟਾਉਣਾ ਚਾਹੁੰਦਾ, ਮੁਆਫ਼ ਕਰਨਾ।

ਮੈਂ ਤਾਂ ਹੌਸਲਾ ਹਾਰ ਬੈਠਾ ਸੀ, ਪਰ ਸਾਥਣ ਰਣਜੀਤ ਚਾਹੁੰਦੀ ਸੀ ਕਿ ਇਹਨਾਂ ਨੂੰ ਕਿਤਾਬ ਦਾ ਰੂਪ ਦੇਵਾਂ, ਕਿੰਨੀਂ ਹੀ ਦੇਰ ਤੋਂ ਤਾਂ ਉਹ ਝੂਣ ਰਹੀ ਸੀ ਮੇਰੇ ਮਨ ਨੂੰ, ਜਿਵੇਂ ਕਿਸੇ ਗਹਿਰੀ ਨੀਂਦੇ ਸੁੱਤੇ ਪਏ ਨੂੰ ਹੌਲੀ ਹੌਲੀ ਪੋਲੀ ਛੋਹ ਨਾਲ ਜਗਾਈਦਾ ਹੈ।

ਅਖੀਰ ਜਦ ਉੱਠਣ ਦਾ ਹੀਆ ਕੀਤਾ ਤਾਂ ਉਠਾਉਣ ਲਈ ਜਿਹੜੀ ਬਾਂਹ ਅੱਗੇ ਵਧੀ ਉਹ ਸੀ ਪਿਆਰੇ ਵੀਰ ਸੋਨੀ ਢਿੱਲੋਂ ਦੀ, ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਵੀਰ ਟੋਰਾਂਟੋ ਸਾਡੇ ਕੋਲ ਠਹਿਰਿਆ, ਰਾਤਾਂ ਨੂੰ ਟੋਰਾਂਟੋ ਦੀਆਂ ਸੜਕਾਂ 'ਤੇ ਭੱਜਦੀ ਕਾਰ ਵਿਚ ਉੱਚੀ 'ਤੇ ਮਿੱਠੀ 'ਵਾਜ਼ ਵਿਚ ਗਾਉਂਦੇ ਸੋਨੀ ਵੀਰ ਦਾ ਚੇਤਾ ਹੁਣ ਵੀ ਉਵੇਂ ਦਾ ਉਵੇਂ ਬਰਕਰਾਰ ਹੈ। ਤੇਰੀ ਉਮਰ ਲੰਮੇਰੀ ਹੋਵੇ ਮੇਰੇ ਵੀਰ।

ਚੰਡੀਗੜ੍ਹ ਵਸਿਆ ਜ਼ਿੰਦਗੀ ਨੂੰ ਹਰ ਪਹਿਲੂ ਤੋਂ ਰਾਜਨੀਤਿਕ ਖਾਸੇ ਨਾਲ ਵਿਚਾਰਨ ਵਾਲਾ ਮੇਰਾ ਆਲੋਚਕ ਵੀਰ, ਰਣਬੀਰ ਸੋਹਲ ਵੀ ਤਾਂ ਚੋਭਾਂ ਲਾਉਣ ਵਿਚ ਕਿਸੇ ਨਾਲੋਂ ਘੱਟ ਨਹੀਂ ਸੀ। ਤੇਰੀਆਂ ਕੋਸ਼ਿਸ਼ਾਂ ਨੇ ਮੈਨੂੰ ਮਾਨਸਿਕ ਮੌਤ ਤੋਂ ਬਚਾ ਲਿਆ ਮੇਰੇ ਦੋਸਤ।

'ਤੇ ਹਾਂ ਰਵਿੰਦਰ ਰਵੀ, ਤੈਨੂੰ ਯਾਦ ਕਰਦਿਆਂ ਇਕ ਪੰਕਤੀ ਯਾਦ ਆਉਂਦੀ ਹੈ,

"ਅਗਲੇ ਕਿਸੇ ਪੜਾਅ ਦੀ ਮੈਂ ਸੋਚਾਂ ਵੀ ਤਾਂ ਕੀ,
ਪਿੱਛੇ ਰਹਿ ਗਏ ਹਾਣੀਆਂ ਦੀ ਮੈਨੂੰ ਉਡੀਕ ਹੈ"

ਤੁਸੀ ਅੱਗੇ ਨਿਕਲ ਗਏ ਸੀ, ਕਾਫ਼ੀ ਅੱਗੇ, ਪਰ ਤੁਸਾਂ ਯਾਦ ਰੱਖਿਆ ਕਿ ਕੋਈ ਪਿੱਛੇ ਵੀ ਆ ਰਿਹਾ ਹੈ, ਦੂਰ ਪਿੱਛੇ, ਤੁਸੀਂ ਚਲਦੇ ਚਲੋ, ਤੁਹਾਡੀਆਂ ਪੈੜਾਂ ਹੈਨ ਮੈਨੂੰ ਰਾਸਤਾ ਦੱਸਣ ਲਈ।

ਅੱਜ ਬਾਰਿਸ਼ ਹੋ ਰਹੀ ਹੈ, ਬੜੀ ਜੋਰਦਾਰ ਹਨੇਰੀ ਵੀ ਹੈ। ਕਣੀਆਂ 'ਤੇ ਠੰਡੀ ਵਾਅ ਇਕ ਦੂਜੇ ਨਾਲ ਖਹਿੰਦੀਆਂ ਖੁੱਲ੍ਹੇ ਦਰਾਂ ਵਿਚ ਦੀ ਅੰਦਰ ਆ ਰਹੀਆਂ ਨੇ। ਅੱਜ ਹੀ ਅਜਮੇਰ ਰੋਡੇ ਜੀ ਦੀ ਮੇਲ ਆਈ ਹੈ, ਪੜ੍ਹਦਿਆਂ ਜੋ ਖੁਸ਼ੀ ਦੀਆਂ ਕਣੀਆਂ

ਮਨ ਦੀ ਭੋਇੰ 'ਤੇ ਝਰੀਆਂ, ਜੀਕਣ ਵਰ੍ਹਿਆਂ ਦੀ ਔੜ ਪਲਾਂ 'ਚ ਲਹਿ ਗਈ ਹੋਵੇ, ਜਾਪਿਆ ਜਿਵੇਂ ਅੱਜ ਫਿਰ ਕਿਸੇ ਨੇ ਹੱਥ ਵਧਾਇਆ ਹੋਵੇ। ਅਜਮੇਰ ਜੀ, ਬਿਨਾਂ ਕਿਸੇ ਪੂਰਵ ਪਹਿਚਾਣ ਦੇ ਪਹਿਲੀ ਵਾਰ ਫੋਨ 'ਤੇ ਕੀਤੀ ਇਕ ਛੋਟੀ ਜਿਹੀ ਬੇਨਤੀ ਮੰਨ ਕੇ ਘੋਖ਼ ਦੀ ਇਕ ਡੂੰਘੀ ਨਜ਼ਰਸਾਨੀ ਨਾਲ ਆਪ ਜੀ ਨੇ ਜੋ ਨਿਵਾਜਿਆ ਹੈ, ਉਸ ਲਈ ਮੈਂ ਕੀ ਕਹਾਂ। ਆਪ ਜੀ ਦੀ ਪ੍ਰੇਰਨਾ ਨਾਲ ਮੇਰੇ ਮਨ-ਮਸਤਕ ਵਿਚ ਚਿੰਤਨ ਦੇ ਅੰਕੁਰ ਜ਼ਰੂਰ ਫੁੱਟਣਗੇ,ਕੁਝ ਇਸ ਤਰ੍ਹਾਂ ਦੀ ਮੇਰੀ ਆਸ ਹੈ।

ਸਾਉਣ ਦੇ ਖੇੜੇ ਤੋਂ ਬਾਅਦਾਂ ਜਿਵੇਂ ਭਾਦਰੋਂ ਦੇ ਤਵਾੜ ਲੱਗਦੇ ਨੇ, ਤਿਵੇਂ 2007 ਤੋਂ ਪਹਿਲਾਂ ਦੇ ਖੁਸ਼ਗਵਾਰ ਹਾਲਾਤਾਂ ਤੋਂ ਬਾਅਦ ਹੁਣ ਤੱਕ ਮੌਸਮ ਬਿਲਕੁਲ ਹੀ ਪ੍ਰਤੀਕੂਲ ਰਿਹਾ, ਜਦੋਂ ਕੋਈ ਵੀ ਨਵੀਂ ਪੱਤੀ ਨਹੀਂ ਫੁੱਟੀ। ਮਨ ਦੇ ਮੌਸਮ ਨੂੰ ਚਿਤਰਦੀਆਂ ਇਹ ਲਾਈਨਾਂ-

"ਬੀਜ਼ਾਂ ਨੇ ਕੀ ਸੀ ਪੁੰਗਰਨਾ ਆਖ਼ਿਰ
ਹਾੜ੍ਹ ਦੀ ਰੁੱਤੇ ਵੀ ਜਦ ਸਰਦ ਪਾਲਾ ਰਿਹਾ।"

ਜਿੱਥੇ ਬੀਤੇ ਵੇਲੇ ਦੀ ਬਾਤ ਪਾਉਂਦੀਆਂ ਨੇ, ਉਥੇ,

"ਹਨੇਰਿਆਂ ਨੂੰ ਰੁਕਣ ਦੀ
ਰੁਕਣ ਦੀ
'ਤੇ ਛਿਪਣ ਦੀ
ਇਕ ਜਾਚ ਦੇਣੀ ਹੈ ਅਸਾਂ
ਸੂਰਜਾਂ ਨੂੰ ਤੁਰਨ ਦਾ
ਨੱਚਣ ਦਾ
ਲੁੱਢੀ ਪਾਉਣ ਦਾ
ਹੁਨਰ ਵੀ ਹੈ ਦੇਵਣਾ।"
ਮਨ ਦੇ ਹੁਣ ਦੇ ਹਾਲਾਤਾਂ ਦੀ।

ਆਪ ਦੇ ਹੁੰਗਾਰੇ ਦੀ ਉਡੀਕ ਵਿਚ

**ਮਨਜੀਤ ਬਰਾੜ**
ਪਿੰਡ- ਮਹੀਆਂ ਵਾਲਾ ਖੁਰਦ
ਤਹਿ- ਜ਼ੀਰਾ, ਫ਼ਿਰੋਜ਼ਪੁਰ
94643-13471
Email Id :- brarmanjit4@yahoo.com

# ਬੀਜ
# ਰੂਪ

ਤੂੰ ਨਾ ਪਰਤੀਂ ਬਾਗ ਮੇਰੇ ਦੇ ਵੇਖ ਕੇ ਫੁੱਲ ਕੁਮਲਾਏ
ਮਾਲੀ ਹਾਂ ਇਸ ਧਰਤ ਦਾ ਤੈਨੂੰ ਦੇ ਕੇ ਕੁਝ ਤਾਂ ਜਾਵਾਂਗਾ।

## ਸ੍ਰਿਸ਼ਟੀ ਰਚਨਾ

ਜਦ ਟਹਿਣੀ ਦੇ ਉੱਤੇ ਕੋਈ
ਨਵੀਂ ਕਰੂੰਬਲ ਫੁੱਟਦੀ
ਧਰਤੀ ਸੂਤਕ ਪੀੜ ਹੰਢਾਉਂਦੀ
ਜਾਪੇ ਧਰਤੀ ਗਰਭਵਾਨ ਸਦ ਰਹਿੰਦੀ

•



## ਤੈਨੂੰ ਇੰਝ ਮਿਲਾਂ

ਜਿਉਂ ਮਿਲੇ ਪਤੰਗਾ ਅਗਨ ਨੂੰ
ਪਾਣੀ ਨਦੀਏ ਜਾ
ਤੈਨੂੰ ਇੰਝ ਮਿਲਾਂ,
ਜਿਉਂ ਧਰਤੀਏ ਬੱਦਲ ਵਰਸ ਰਿਹਾ

•

## ਕੀ ਕਹੀਏ ?

ਜੰਗ ਪਿੱਛੋਂ
ਉਰਾਰ ਵਾਲਿਆਂ ਸਮਝਿਆ
ਸਾਡੇ ਸ਼ਹੀਦ ਹੋਏ,
ਉਹ ਮਾਰੇ ਗਏ
ਪਾਰ ਵਾਲਿਆਂ ਸਮਝਿਆ
ਉਹ ਮਾਰੇ ਗਏ,
ਸਾਡੇ ਸ਼ਹੀਦ ਹੋਏ
. . . . . . . . .
ਮੁੱਕਣ ਵਾਲੇ ਚੁੱਪ ਸਨ

•



## ਕਵਿਤਾ

ਕ –ਕਿਸਨੇ ਮੇਰਿਆ ਬਾਬਲਾ
ਅ– ਆ ਕੇ ਅੱਖੀਆਂ ਥਾਣੀ
ਵ– ਵਿਹੜੇ ਦਿਲ ਦੇ ਘਾਤ ਲਗਾਈ
ਇ– ਇਤਰ ਕੋਈ ਸਾਹਾਂ ਵਿੱਚ ਘੁਲਿਆ
ਤ– ਤਾਰਾ -ਤਾਰਾ ਦਿਸੇ ਲੋਕਾਈ
ਆ– ਆਇਆ ਕੋਈ ਦਿਲ ਦੇ ਵਿਹੜੇ

•

## ਕਣ-ਕਣ

ਸਰਬ ਵਿਆਪਕ ਖ਼ੁਦਾ
ਚੁੱਲ੍ਹੇ ਦੇ ਧੂੰਏਂ
'ਤੇ
ਸਿਗਰਟ ਦੇ ਧੂੰਏਂ ਵਿੱਚ
ਕੋਈ ਫ਼ਰਕ ਨਹੀਂ ਰੱਖਦਾ
. . . . . . . . . . . . .
ਉਹ ਕਣ ਕਣ ਵਿੱਚ ਵੱਸਦਾ ਹੈ

•

## ਅੱਜ ਦੀ ਸ਼ਾਮ

ਠਹਿਰ ਰੱਥਵਾਨ,
ਸੂਹੇ ਫੁੱਲਾਂ ਦੇ ਬਾਗੀਂ
ਫਿਰ ਕਦੇ ਸਹੀ
ਅੱਜ ਦੀ ਸ਼ਾਮ
ਇਹਨਾਂ ਮੁਰਝਾਏ ਫੁੱਲਾਂ ਦੇ ਨਾਂ ਕਰ ਦੇਈਏ।

•



## ਪਪੀਹਾ

ਬਾਰਿਸ਼ ਦੇ ਮੌਸਮ ਵਿੱਚ
'ਪਪੀਹਾ'
ਆਪਣੇ ਲਈ ਬੂੰਦ ਮੰਗਦਾ ਹੈ
ਕਿਸਾਨ ਲਈ ਦੁਆ ਕਰਦਾ ਹੈ
'ਤੇ ਸਰਬੱਤ ਦਾ ਭਲਾ ਮੰਗਦਾ ਹੈ

. . . . . . . . . . . . . .

ਆਉ, ਅਸੀਂ ਵੀ ਦੁਆ ਕਰੀਏ,
ਓਸ 'ਪਪੀਹੇ' ਦੇ ਨਾਂ ਦੀ।

•

## ਅਦਾ

ਹਨੇਰਿਆਂ ਨੂੰ ਰੁਕਣ ਦੀ
ਰੁਕਣ ਦੀ
'ਤੇ
ਛਿਪਣ ਦੀ
ਇਕ ਜਾਚ ਦੇਣੀ ਹੈ ਅਸਾਂ,
ਸੂਰਜਾਂ ਨੂੰ ਤੁਰਨ ਦਾ
ਨੱਚਣ ਦਾ
ਲੁੱਢੀ ਪਾਉਣ ਦਾ
ਹੁਨਰ ਵੀ ਹੈ ਦੇਵਣਾ ।

•



## ਡਰ

ਜੁੱਤੀ ਤੇ ਆਖ਼ਰ ਜੁੱਤੀ ਹੁੰਦੀ ਆ
ਭਾਵੇਂ ਮਾਰੋ
ਤੇ ਭਾਵੇਂ
ਡਰਾਇੰਗ ਰੂਮ ਦੀ ਸਾਹਮਣੀ ਕੰਧ 'ਤੇ
ਟੰਗ ਛੱਡੋ
ਮਾਰਿਆਂ ਤਾਂ ਕੁਝ ਵਾਲ ਹੀ ਝੜਨਗੇ
ਟੰਗੀ ਜੁੱਤੀ ਨੇ, ਪਰ
ਅੰਦਰ ਕੁਝ ਵੀ ਉੱਗਣ ਨਹੀਂ ਦੇਣਾ॥

•

## ਇੱਛਾ

ਟੁਕੜਿਆਂ 'ਚ ਵੰਡਿਆ ਹੋਇਆ
ਹਰ ਟੁਕੜੇ 'ਚ ਪੂਰਨ ਹਾਂ
'ਤੇ ਸਭ ਟੁਕੜਿਆਂ ਦੀ
ਇੱਕ ਸਮੁੱਚੀ ਸੰਪੂਰਨਤਾ
ਤੂੰ ਮੈਨੂੰ ਸਾਰੇ ਟੁਕੜਿਆਂ ਸਮੇਤ
ਪੂਰਨ ਰੂਪ 'ਚ ਸਵੀਕਾਰ
ਕਿਸੇ ਇੱਕ ਟੁਕੜੇ ਦੀ ਅਲਹਿਦਗੀ
ਮੈਨੂੰ ਅਪਾਹਜ਼ ਕਰ ਦੇਵੇਗੀ

•

## ਅਣਹੋਈਆਂ



ਕਿਧਰੇ ਕਿਸੇ ਨੇ ਡਿੱਠਾ ਰਾਹ ਵਿੱਚ
ਖੰਭ ਕਿਸੇ ਇੱਕ ਪੰਖੀ ਦਾ,
ਲੋਕਾਂ ਦੀ ਉਹ ਚੜ੍ਹ ਜ਼ੁਬਾਨੇ
ਹੋ ਗਏ ਇੱਕ ਤੋਂ ਦੋ ।
ਇੱਕ ਜੁਬਾਨੋਂ ਦੂਜੀ, ਤੀਜੀ,
ਹੋਈਆਂ ਚੌਥੇ ਘਰ ਜਾ ਗੱਲਾਂ
ਗੱਲੀਂ ਕੱਥੀਂ ਅਗਲੀ ਗਲੀਏ,
ਉੱਡ ਗਿਆ ਪੰਖੀ ਹੋ।

•



## ਤਾਜਮਹੱਲ

ਤੂੰ ਕਿਹਾ ਹੈ ਰੋੜ ਦੀ
ਥਾਂ ਹੈ ਪੈਰਾਂ ਦੇ ਹੇਠ
ਇਹ ਠੀਕ ਨਹੀਂ ਕਿ ਰੋੜ ਨੂੰ
ਅੱਖਾਂ ਨਾਲ ਛੁਹਾਇਆ ਜਾਏ ।
ਪਰ ਸੱਜਣਾ ਤੂੰ ਭੁੱਲ ਗਿਐਂ
ਇਹ ਰੋੜ ਹੀ ਕੱਲ੍ਹ ਦੇ ਮੋਤੀ ਨੇ
ਇਨ੍ਹਾਂ ਰੋੜਾਂ ਦੇ ਸੰਗ ਯਾਰਾ
ਤਾਜ ਮਹੱਲ ਬਣਾਇਆ ਜਾਏ ॥

•

## ਦੋ ਰੰਗ

ਇਸ ਚਾਨਣ ਦੀ ਲੋੜ ਨਾ ਜੰਗਲ ਬੇਲੇ ਨੂੰ,
ਕੱਲ੍ਹ ਸੋਚਿਆ ਕਿ ਸਾਰੇ ਦੀਪ ਬੁਝਾ ਦੇਵਾਂ ।
ਅੱਜ ਜੰਗਲ 'ਚੋਂ ਹੂਕ ਸੁਗੰਧਾਂ ਭਰ ਗੁਜਰੀ,
ਹੁਣ ਚਾਹਾਂ ਹਰ ਪੱਤੇ ਦੀਪ ਟਿਕਾ ਦੇਵਾਂ ॥

•



## ਧਰਤੀ ਆਪੋ ਆਪਣੀ

ਕੁਝ ਕੁ ਦੇ ਲੇਖਾਂ ਵਿੱਚ ਹੁੰਦੈ
ਸਾਵਨ ਮਾਹ ਦਾ ਵਰਨ੍ਹਾ
ਕੁਝ ਕੁ ਭੱਖੜਾ ਬਣ ਕੇ ਰਹਿੰਦੇ
ਮਾਰੂਥਲ ਵਿੱਚ ਸੜਦੇ ।

•



## ਲੋਕ ਤਾਂ ਚਾਹੁੰਦੇ

ਲੋਕ ਤਾਂ ਚਾਹੁੰਦੇ ਨਿੱਤ ਨਵਾਂ ਕੋਈ
ਕਿੱਥੇ ਤੀਰ ਚਲਾਈਏ,
ਕਿਹੜੀ ਥਾਂ 'ਤੇ ਕਾਲਖ਼ ਮਲੀਏ
ਕਿਤ ਬਦਨਾਮ ਕਰਾਈਏ ।
ਪਰ –
ਅੰਗਦ ਵੀ ਇਸ ਦੁਨੀਆਂ ਵਿੱਚ ਹੈ
ਏਥੇ ਵੱਸਦਾ ਫ਼ਰੀਦ ਨਿਮਾਣਾ ।
ਚੁੱਭੀ ਲਾ ਇੱਕ ਲੋਟਾ ਲੱਭੇ
ਦੂਜੇ ਮੀਂਹ ਵਿੱਚ ਯਾਰ ਦੇ ਜਾਣਾ ॥

•

## ਆਨੰਤ

ਡਾਹਢੇ ਪਿਆਰ ਦੇ ਵੇਗ ਨੂੰ
ਕਾਗਜ਼ ਤੇ ਉਤਾਰਨ ਦਾ ਮਨ ਕਰਦਾ ਹੈ
ਕਲਮ ਚੁੱਕਦਾ ਹਾਂ,

. . . . . . . . .

ਸਫ਼ਾ ਖ਼ਾਲੀ ਛੱਡ ਦੇਣ ਦੀ ਸਲਾਹ ਨਾਲ
ਕਲਮ ਰੱਖ ਦੇਂਦਾ ਹਾਂ।

•



## ਸਭ ਤੇਰਾ

ਤੇਰੇ ਕਦਮਾਂ ਦੀ ਧੂੜ ਨੂੰ
ਮੱਥੇ ਛੁਹਾਣ ਦੀ
ਆਦਤ ਹੈ ਸਾਨੂੰ ਮਹਿਕਸ਼ਾਂ 'ਚ
ਗ਼ਮ ਉਠਾਣ ਦੀ ।
ਹੋਰਾਂ ਦਾ ਕਰ ਖਿਆਲ ਤੂੰ
ਸਾਥੋਂ ਹੋ ਬੇਖ਼ਬਰ
ਮਨਸ਼ਾ ਨਹੀਂ ਹੈ ਰਤਾ ਵੀ
ਤੈਨੂੰ ਹਰਾਣ ਦੀ।

•



## ਤੇਰਾ ਰੂਪ

ਤੇਰੇ ਨੈਣ ਨੇ ਕਿ ਲਾਟ ਕਿ ਮੈਂ ਉੱਠਦਾ ਧੂੰਆਂ
ਮੇਰਾ ਵਜੂਦ ਪਿਘਲਕੇ ਕੁਝ ਹੋਰ ਰੂਪ ਧਾਰਦਾ ।
ਹੱਥ ਰੋਕਣ ਰੱਥ ਕਿੱਦਾਂ, ਪੈੜ ਚਾਲ ਹੋ ਰਹੀ
ਰੂਪ ਤੇਰਾ ਨਿਸ ਦਿਨ ਇੱਕ ਹੋਰ ਰਾਵਣ ਮਾਰਦਾ ॥

•



## ਨੂਰ–ਦੁਆਰਾ

ਦੀਵੇ ਸੰਦੀ ਲੋਅ ਵਰਗਾ
ਤੇਰੇ ਮੱਥੇ ਨੂਰ ਰਹੇ,
ਦਗਦਾ ਨੂਰ–ਦੁਆਰਾ ਜਿਸਨੂੰ
ਸਜਦਾ ਨਿੱਤ ਕਰਾਂ।

•

## ਉਡੀਕ

ਬਦਲ ਰਹੇ ਨੇ ਜਿਸ ਵਰਤਾਰੇ
ਅੱਜਕੱਲ੍ਹ ਦੇ ਹਾਲਾਤ,
ਬਣਕੇ ਬੀਜ਼ ਜ਼ਮੀਂ ਦੇ ਹੇਠਾਂ
ਚੁੱਪ ਚਪੀਤੇ ਰਹਿਣਾ।
ਬਦਲੀ ਰੁੱਤ ਜਦੋਂ ਵੀ ਮਿਲਿਆ
ਸਾਜ਼ਗਾਰ ਜਿਹਾ ਮੌਸਮ,
ਬਣਕੇ ਰੁੱਖ ਜ਼ਮੀਂ ਦੇ ਉੱਤੇ
ਫਿਰ ਸਾਹਵੇਂ ਆ ਬਹਿਣਾ ॥

•



## ਕਸੂਰ

ਕਸੂਰ ਕੁਝ ਕਲ਼ਮ ਦਾ
ਕੁਝ ਜ਼ੁਬਾਂ ਦਾ
ਕਿ ਸਿਤਮ ਰਿਹਾ ਬਾ-ਪਰਦ
ਇਹ ਮਹਿਜ਼ ਵਕਤ ਦੀ ਚਾਲ
ਕਿ ਨਜ਼ਰਾਂ ਨੂੰ ਦੋਸ਼ ਦਿੱਤਾ ਗਿਆ।

•



## ਤੇਰੇ ਹੱਥੋਂ

ਜੀਣ ਦੀ
ਥੀਣ ਦੀ
ਤੇਰੇ ਮਨ ਵਿੱਚ ਲਾਲਸਾ
ਹੋਵੇ ਹੱਸ-ਮਰੀਣ ਦੀ
ਸਾਡੀ ਹੈ ਬੱਸ ਏਹੋ ਦੁਆ
ਸਭ ਨੂੰ ਹੋਵੇ ਇੱਕ ਸਦਾਅ
ਤੇਰੇ ਹੱਥੋਂ ਪੀਣ ਦੀ
. . . . . .
ਨੀਰ
ਨੂਰ
ਨਵੀਨਗੀ !

•



## ਯਾਦ ਰੱਖੀਂ

ਜਾ ਦੂਰ ਕਿਤੇ ਪਰਦੇਸ
ਅਸਾਂ ਨੂੰ ਭੁੱਲ ਨਾ ਜਾਣਾ,
ਇਸ ਮਨ ਦਾ ਸੱਜਣ ਬਾਝ ਤੇਰੇ
ਨਾ ਹੋਰ ਠਿਕਾਣਾ ।
ਬੋਲਾਂ ਦੀ ਇਸ ਸਾਂਝ ਦੀ ਸੱਜਣਾ
ਮੌਤ ਹੀ ਨਾ ਹੋ ਜਾਵੇ,
ਯਾਦਾਂ ਕਿਧਰੇ ਰੁਲ ਨਾ ਜਾਵਣ
ਵਕਤ ਬੜਾ ਜ਼ਰਵਾਣਾ ॥

•

## ਹਰਫ਼

ਹਰਫ਼ ਸੱਜਣ ਜੀ ਇੱਕ ਤੂੰ ਐਸਾ
ਹਰਦਮ ਜੋ ਬੁੱਲੀਆਂ 'ਤੇ ਆਉਂਦਾ
ਹੋਰ ਹਰਫ਼ ਹੋ ਜਾਂਦੇ ਦੁਸ਼ਮਣ
ਹਰਫ਼ ਤੇਰਾ ਜਦ ਬੁੱਲ ਛੁਹਾਉਂਦਾ ।
ਹਰਫ਼ਾਂ ਵਿੱਚੋਂ ਹਰਫ਼ ਪਿਆਰਾ
ਹਰਫ਼ ਤੂੰ ਹੀ ਇੱਕ ਯਾਰਾ
ਹੋਰ ਲਾਲਸਾ ਵਧ ਜਾਂਦੀ ਏ
ਹਰਫ਼ ਜਦੋਂ ਵੀ ਮੁੱਖ ਛੁਪਾਉਂਦਾ ॥

•



## ਅੰਤਰ ਸਮਝ

ਚਾਟੀ ਕਹੇ
ਮਧਾਣੀਏਂ
ਕੁਝ ਪਲ ਦੇਹ,
ਮੈਂ ਤੈਨੂੰ ਆਪਣੇ ਅੰਦਰ ਸਮਾ
ਸਮਝ ਲਵਾਂ ਜ਼ਰਾ,
ਪਤਾ ਨਹੀਂ ਕਿੰਨੀਂ ਦੇਰ ਤੋਂ
ਮੇਰੇ ਅੰਦਰ
ਖਲਬਲ ਮਚਾਈ ਰੱਖੀ ਤੈਂ।

•

## ਖਾਮੋਸ਼ ਸਾਧਨਾ

ਪੋਥੀ ਪੜ੍ਹਦੇ ਸਾਧੂ ਅੱਗੇ
ਮੋਮਬੱਤੀ ਬਾਲ
ਆਪ ਦੂਰ ਜਾ ਬੈਠਾ ਹਾਂ . . .

ਉਸ ਤੱਕ ਪਹੁੰਚੇ ਰੌਸ਼ਨੀ
ਸ਼ੀਤ ਹੋ ਜਾਏ ਤਾਪ
ਸ਼ਾਂਤੀ ਪਹੁੰਚੇ ਮਨ ਮਿਰੇ
ਮਿਟੇ ਦੁਖ ਸੰਤਾਪ

•



## ਫੁੱਲ ਆਖਦੈ

ਫੁੱਲ ਆਖਦੈ ਤੂੰ ਤੋੜ ਲੈ
ਮੇਰੀ ਗਰਦਨ 'ਚ ਹੱਥ ਪਾ
ਮੈਨੂੰ ਕੋਈ ਸ਼ਿਕਵਾ ਨਹੀਂ
ਤੇਰੇ ਕੋਟ ਤੇ ਲਿਸ਼ਕਾਂਗਾ
ਕੇਸਾਂ 'ਚ ਟੁੰਗੇ ਜਾਣ ਤੋਂ ਵੀ
ਇਨਕਾਰੀ ਨਹੀਂ

ਪਰ ਠਹਿਰ
ਮੈਂ ਕੁਝ ਚਾਹੁੰਨਾਂ
ਜਦ ਤੂੰ ਮੈਨੂੰ ਤੋੜੇਂ
ਤੇਰੇ ਹੱਥਾਂ 'ਚ ਪਵਿੱਤਰਤਾ
'ਤੇ ਹਿਰਦੇ 'ਚ ਕੋਮਲਤਾ ਹੋਵੇ

•



## ਤੇਰੀ ਥਾਂ

ਮੇਰੇ ਮਨ ਦੇ ਜਿਸ ਘਰ ਅੰਦਰ
ਤੇਰੀ ਛੋਹ ਦਾ ਵਾਸਾ ਹੈ,
ਉਸ ਘਰ ਵਿੱਚ ਮੈਂ ਜਰ ਨਹੀਂ ਸਕਦਾ
ਹੋਰ ਕੋਈ ਛਣਕਾਵੇ ਝਾਂਜਰ।

•

## ਉਮਰਾਂ ਦੀ ਟਾਹਣੀ

ਉਮਰਾਂ ਦੀ ਟਾਹਣੀ ਤੇ ਜਦ ਤੱਕ, ਇੱਕ ਵੀ ਪੱਤਾ ਸਾਬਤ ਹੈ,
ਹਰ ਮੌਸਮ ਦੀ ਧੱਕਾ- ਜੋਰੀ, ਤਦ ਤੱਕ ਸਹਿੰਦੇ ਜਾਵਾਂਗੇ ।
ਸਦਕੇ ਵੱਢਣ, ਛਾਂਗਣ, ਚਿੱਤ ਦੀ ਖੁਸ਼ੀ ਜਾਂ ਆਪਣੀ ਲੋੜ ਲਈ,
ਵੱਢਣ ਵਾਲੇ ਹੱਥਾਂ ਨੂੰ ਜੋ ਸਰਿਆ ਛਾਂ ਕਰ ਜਾਵਾਂਗੇ ॥

•

## ਆਪਣੇ ਲੋਕ

ਆਪਣਿਆਂ ਵਿੱਚ ਬੈਠਾ ਬੰਦਾ
ਸਾਰੇ ਜੱਗ ਤੋਂ ਉੱਚਾ
ਆਪਣਿਆਂ ਦਾ ਪੱਲਾ ਛੱਡਕੇ
ਕਿੱਥੇ ਪੈਰ ਧਰੇ ।

•

## ਮਨ ਦੀਆਂ ਅੱਖਾਂ ਨਾਲ

ਕੁਝ ਇਨ੍ਹਾਂ ਪਲਾਂ 'ਚ
ਉਹ ਨਗਨ
ਮੇਰੇ ਸਾਹਵੇਂ
ਪਰ ਢਕੇ ਤਨ ਨਾਲ
ਸਾਬਤ ਸਬੂਤੀ ਬੈਠੀ ਹੈ।

ਮੈਥੋਂ ਦੂਰ ਹੋ
ਤਨ ਤੋਂ ਅਣਕੱਜੀ
ਹੋਵੇਗੀ ਜ਼ਰੂਰ
ਪਰ ਮਨ ਨੇ ਪਾ ਲਏ ਹੋਣਗੇ
ਅਨੇਕ ਬਸਤਰ
ਮੁੜ ਮੇਰੇ ਕੋਲ ਆਉਣ ਤੱਕ।

•



## ਫ਼ਰਕ

ਨਜ਼ਰ ਹਮੇਸ਼ਾ ਗੈਰਾਂ ਦੇ
ਪਿੰਡਿਆਂ ਦਾ ਟੋਂਹਦੀ ਮਾਸ ਰਹੇ ।
ਆਪਣੇ ਬੰਦੇ ਨੰਗੇ ਧੜ ਵੀ
ਢਕੇ ਢਕੇ ਜਿਹੇ ਲੱਗਦੇ ਨੇ ॥

•



## ਦਸਤਕ

ਅੱਧੇ ਖੁੱਲ੍ਹੇ ਦਰ ਉਡੀਕਣ
ਲੈ ਕੇ ਤੇਰਾ ਨਾਮ
ਕਦੇ ਤਾਂ ਆ ਕੇ ਦਸਤਕ ਦੇਵੇਂ
ਸੁਬਹ ਹੋਵੇ ਜਾਂ ਸ਼ਾਮ
ਤੈਨੂੰ ਲੋੜ ਨਹੀਂ ਕਿ ਪੁੱਛੇਂ
ਕੀ ਕੋਈ ਘਰ ਹੈ ਵੇ ?
ਵਾਂਗਰ ਬੁੱਲੇ, ਵਾਂਗਰ ਝੋਕੇ
ਕਰ ਜਾ ਬੇਆਰਾਮ।

•



# ਤਸਵੀਰ

ਸੋਹਣੇ ਨੂੰ ਸੋਹਣਾ ਆਖ ਦਿਆਂ, ਦੁਨੀਆਂ ਨਹੀਂ ਮੰਨਦੀ,
ਸੋਹਣੇ ਨੂੰ ਮੰਦਾ ਆਖਦਿਆਂ, ਤਾਂ ਗੱਲ ਨਹੀਂ ਬਣਦੀ।

ਤੇਰੀ ਤਾਂ ਤਸਵੀਰ ਚੰਦਰਿਆ ਦਿਲ ਵਿੱਚ ਹੈ,
ਛਾਂ ਕਿਧਰੇ ਲੋਕਾਂ ਦੇ ਆਖੇ ਧੁੱਪ ਨਹੀਂ ਬਣਦੀ।

•

## ਭਰਮ

ਤੁਸੀਂ ਧੋ ਸਕਦੇ ਹੋ
ਮਨ ਆਪਣੇ ਦੇ ਦਾਗ
ਸਰਫ਼ ਐਕਸੈੱਲ
ਜਾਂ
ਨਿਰਮਾ ਪਾਊਡਰ ਨਾਲ
ਮਨ ਨੂੰ ਤਾਂ ਬੱਸ ਇੱਕ
ਭਰਮ ਦੀ ਲੋੜ ਹੈ
ਮਨ ਤਾਂ ਆਪੇ ਮੰਨ ਜਾਂਦਾ ਹੈ।

•

## ਤੇਰੀ ਅੱਖ

ਮੈਂ ਚਾਹੁੰਦਾ ਹਾਂ
ਕਿ ਤੇਰੀ ਅੱਖ ਹਮੇਸ਼ਾ ਸਿੱਲੀ ਰਹੇ
ਸਦਾ ਹੀ ਤੇਰੀ ਅੱਖ 'ਚ ਹੰਝੂ ਰਹਿਣ
ਇੰਨੀਂ ਖ਼ੁਸ਼ !
ਕਿ ਰੋਣਾ ਭੁੱਲ ਜਾਵੇਂ।

•



## ਚੁੰਮਣ

ਸਾਡੇ ਮਨ ਦੀ ਉਸ ਵੇਲੇ ਕੀ
ਹੋਸ਼ ਟਿਕਾਣੇ ਰਹਿੰਦੀ,
ਤੇਰੇ ਚੁੰਮਣ ਦੇ ਵੇਲੇ ਤਾਂ
ਵਿੱਸਰ ਖੁਦਾ ਗਿਆ।

•

## ਖ਼ੁਦਾ

ਖ਼ੁਦਾ,
ਜੋ ਸਦਾ ਤੁਰਿਆ ਫਿਰਦਾ ਹੈ
ਜੰਗਲਾਂ ਵਿੱਚ
ਪਰਬਤ, ਸਮੁੰਦਰਾਂ ਵਿੱਚ
ਜਾਨਵਰਾਂ ਵਿੱਚ
ਉਸ ਨੂੰ ਕਹੋ
ਦਫ਼ਤਰ ਤੋਂ ਛੁੱਟੀ ਲੈ
ਦੋ ਘੜੀਆਂ ਮੇਰੇ ਸਾਹਵੇਂ ਬੈਠੇ
. . . . . . . . . . . . .
ਮੈਂ ਉਸ ਦੀ ਤਸਵੀਰ ਬਣਾ ਰਿਹਾ ਹਾਂ।

•

## ਪੂਰਨ

ਕਿਹਾ ਜਦ ਪੂਰਨ ਨੇ
ਇੱਕ ਦਿਨ ਮੈਂ ਆਵਾਂਗਾਂ ਜ਼ਰੂਰ
ਰਾਹਾਂ ਨੂੰ ਓਸ ਰਾਤ ਤੋਂ,
ਮਾਂ ਇੱਛਰਾਂ
ਇੱਛਾ ਦੀ ਜੋਤ ਬਾਲ
ਨੂਰੋ ਨੂਰ ਕਰਦੀ ਰਹੀ।

•



## ਟੁੱਟਦਾ ਤਾਰਾ

ਲੋਕੀਂ ਆਖਣ ਤਾਰਾ ਟੁੱਟਦੇ
ਜੋ ਮੰਗੀਏ ਮਿਲ ਜਾਂਦਾ,
ਬਖਸ਼ੀਂ ਉਸਨੂੰ ਖੁਸ਼ੀਆਂ ਰੱਬਾ
ਜਿਸਨੂੰ ਮਨ ਧਿਆਂਦਾ।
ਜਿਸਨੂੰ ਯਾਦ ਕਰੇ ਤੋਂ ਚੇਤੇ
ਆਉਂਦੇ ਭੈਣਾਂ ਭਾਈ,
ਜਿਸਨੂੰ ਯਾਦ ਕਰੇ ਤੋਂ ਇੱਕ ਘਰ
ਬਣਦਾ 'ਤੇ ਟੁੱਟ ਜਾਂਦਾ ।

•



# ਅੱਧ-ਵਾਟੇ

**ਕੁਝ ਕਹਿਣ ਦਾ ਚੱਜ ਜੇਕਰ ਰੱਖੀਏ ਨਾ**
**ਕੁਝ ਫੁੱਲ ਗੁਲਾਬ ਦੇ ਭੇਜ ਦੇਈਏ।**

## ਨਾਨਕ

ਦੁੱਧ ਚਿੱਟੀ ਦਾੜ੍ਹੀ ਦਾ ਮਾਲਕ
ਬਾਬਾ ਨਾਨਕ ਕੀ ਦਰਸਾਵੇ ।
ਬੰਦਾ ਕੰਮ ਨੂੰ ਹੱਥ ਨਾ ਲਾਵੇ
'ਤੇ ਬੈਠਾ ਵਿਹਲਾ ਹੀ ਖਾਵੇ ?

ਮੋਢੇ ਤੇ ਏਦਾਂ ਦਾ ਨਾਨਕ
ਲੈ ਕੇ ਮਨ ਤੋਂ ਤੁਰ ਨਈਂ ਹੋਣਾ ।
ਥੋੜ੍ਹੀ ਵਾਟ ਗਿਆਂ ਤਨ ਹਾਰੇ

ਧਨ ਨੇ ਕਿਸਦਾ ਸਾਥ ਨਿਭਾਉਣਾ ॥

ਹੱਥ ਵਿੱਚ ਹੋਵੇ ਹਲ ਦਾ ਮੁੰਨਾ
ਜਾਂ ਖੇਤਾਂ ਨੂੰ ਪਾਣੀ ਲਾਉਂਦਾ ।
ਏਦਾਂ ਦਾ ਕੋਈ ਨਾਨਕ ਚਿਤਰੋ
ਕੰਮਾਂ ਸੰਗ ਸਮਾਧ ਸਿਖਾਉਂਦਾ ॥

ਹਾਲੀਆਂ ਦੇ ਕਿਸੇ ਘਰ ਤੋਂ ਲੈ ਕੇ
ਬਾਬੇ ਨੂੰ ਇੱਕ ਬਾਣਾ ਦੇਵੋ ।
ਮੁੜ੍ਹਕਾ ਚੋਵੇ, ਮਨ ਨਾ ਹਾਰੇ
ਕੁੱਲੀ ਜਿਹਾ ਟਿਕਾਣਾ ਦੇਵੋ ॥

ਇੰਞ ਚਿਤਰੋ ਕੋਈ ਬਾਬਾ ਨਾਨਕ
ਜਿੰਦਗੀ ਦਾ ਉਹ ਬਾਬਾ ਲੱਗੇ ।
ਹੱਥੀਂ ਕਿਰਤ ਸਿਖਾਵੇ ਜਿਹੜਾ
ਸਾਡਾ ਪੁਰਖਾ-ਦਾਦਾ ਲੱਗੇ ॥

ਇੰਞ ਚਿਤਰੋ ਕੋਈ ਬਾਬਾ ਨਾਨਕ

•

## ਲੋਹੜੀ

ਲੋਹੜੀ ਦੇ ਦਿਨ ਲੋਅ ਵਗੇ
ਮਿਲ ਬੈਠੇ ਪਰਿਵਾਰ ।
ਚਿੰਤਾ ਤਾ ਕੀ ਨਾ ਰਹੇ
ਪਰਵਾਰੈ ਸਾਧਾਰ ॥

ਦੂਖ ਦਲਿੱਦਰ ਵਿਹੁ ਮਿਟੈ
ਭੇਟੈ ਅਗਨੀ ਸੰਗ ।
ਸੁਖਨ ਕਿ ਜੈਸਾ ਲੋੜੀਐ
ਵੈਸੇ ਜਾਈਏ ਰੰਗ ॥

ਜੀਵਨ ਦੇ ਵਿੱਚ ਵੈਰ ਨਾ
ਨ ਹੀ ਕੋਈ ਵਿਰੋਧ ।
ਸਭ ਨੂੰ ਆਪਣਾ ਕਹਿਣ ਵੱਤ,
ਦੇਵੀਂ ਖ਼ੁਦਾ ਸੁਬੋਧ ॥

•

## ਮਾਘੀ

ਸੁਣ ਵੇ ਮਾਘ ਮਘੇਂਦਿਆ,
ਮਘਣਾ ਐਸੇ ਜ਼ੋਰ
ਚੰਗੇ ਭਲੇ ਚਲੇਂਦਿਆਂ,
ਉੱਖੜ ਜਾਵੇ ਤੋਰ
ਅੰਦਰ ਮੱਚਦੀ ਲਾਟ ਦਾ,
ਸੇਕਾ ਹੋਰ ਵਧਾ
ਮਨ ਜੋ ਬਾਹਰ ਭਟਕਦਾ,
ਘਰ ਜੇ ਜਾਵੇ ਆ

•

## ਦੀਵਾ

ਦੀਵਾ ਦਿਲ ਦੀ ਸੱਧਰ ਨੂੰ ਜੇ
ਸੱਧਰ ਤੀਕ ਪੁਚਾਵੇ
ਦੀਵੇ ਵਰਗਾ ਦੇਵ ਕਿਵੇਂ ਦੱਸ
ਹੋਰ ਕੋਈ ਬਣ ਜਾਵੇ
ਰਾਤ ਹਨੇਰੀ ਦੇ ਵਿੱਚ ਜਿਹੜਾ
ਮਨ ਦਾ ਸਾਥ ਨਿਭਾਵੇ
ਐਸੇ ਦੀਵੇ ਤੋਂ ਦੱਸ ਕੋਈ
ਕੀਕਣ ਮੁੱਖ ਵਟਾਵੇ
ਸ਼ਾਲਾ ! ਯੁੱਗ-ਯੁੱਗਾਂ ਤੱਕ ਬਲਦਾ
ਚਾਨਣ ਵੰਡਦਾ ਜਾਵੇ
ਦੀਵਾ ਉਮਰ ਲੰਮੇਰੀ ਪਾਵੇ ।

•



## ਅੱਧ ਅਧੂਰੇ

ਪੌਣ ਦਾ ਬੁੱਲਾ
ਸ਼ੀਤਲ ਪਾਣੀ
ਧੁੱਪ ਤਿਖੇਰੀ
ਸਾਇਆ ਰੁੱਖ ਦਾ
ਮੇਰੇ ਹਰ ਸੁਪਨੇ ਵਿਚ ਏਹੀ ਬਿੰਬ ਭਟਕਦੇ ਰਹਿੰਦੇ ਨੇ

ਸੂਟਡ ਬੂਟਡ ਸਦੀਆਂ ਤੋ
ਧਰਤੀ ਦੀ ਛੋਹ ਤੋਂ ਵਿਰਵਾ ਹਾਂ
ਹੱਥਾਂ ਵਿਚੋਂ ਵੇਲੇ ਰੇਤਾ ਵਾਂਗ ਸਰਕਦੇ ਰਹਿੰਦੇ ਨੇ

ਕੁਝ ਚਿਰ ਹੱਥ ਮਿਹਰ ਦਾ ਮਾਣਾਂ
ਆਪਣੇ ਸਿਰ ਤੇ ਕੁਦਰਤ ਦਾ
ਕੰਮਾਂ ਕਾਰਾਂ ਵਿਚੋਂ ਮੇਰੇ ਚਾਅ ਜ਼ਰਕਦੇ ਰਹਿੰਦੇ ਨੇ

ਖੁੱਲ ਕੇ ਜੀਵਾਂ
ਖੁੱਲ ਕੇ ਥੀਵਾਂ
ਵਕਤ ਹੀ ਕਿੱਥੇ ਮਿਲਦਾ ਹੈ

•

## ਸਿਰਨਾਵੇਂ

ਤੇਰੀ ਕਲਮ ਜੋ ਕਦੀ ਚੁੱਪ ਨਾ ਰਹਿੰਦੀ
ਹਰ ਸ਼ਾਮ ਜੋ ਇੱਕ ਨਗਮਾ ਕਹਿੰਦੀ
ਹਰ ਸ਼ਾਮ ਤੇਰੇ ਖ਼ਤ ਦੀ ਉਡੀਕ ਰਹਿੰਦੀ . . .
ਇਹ ਚਿਰਾਂ ਦੀ ਗੱਲ ਹੈ
ਉਹ ਸਭ ਯਾਦ ਕਰਦੀ ਹੋਈ ਆਖਦੀ ਹੈ ।

ਕੀ ਹੁਣ ਵੀ ਕਦੀ ਕਿਸੇ ਨੂੰ ਖ਼ਤ ਲਿਖਿਆ ਹੈ ?
ਕੀ ਹੁਣ ਵੀ ਸ਼ਬਦਾਂ 'ਚੋ ਕੋਈ ਚਿਹਰਾ ਦਿਖਿਆ ਹੈ ?
ਬਿਨਾਂ ਕਹੇ ਉਸਦੇ ਕੀਤੇ ਸਵਾਲ ਮੈਂ ਜਾਣ ਲੈਂਦਾ ਹਾਂ,
ਉਸਦੀਆਂ ਨਜ਼ਰਾਂ ਵਿੱਚ ਕੋਈ ਇੰਤਕਾਮ ਮੈਂ ਪਛਾਣ ਲੈਂਦਾ ਹਾਂ
'ਤੇ ਆਖ ਛੱਡਦਾ ਹਾਂ . . . .

ਜਿਨ੍ਹਾਂ ਕੋਲ ਸਿਰਨਾਵੇਂ ਨਹੀਂ ਹੁੰਦੇ
ਉਹ ਖ਼ਤ ਨਹੀਂ ਲਿਖਿਆ ਕਰਦੇ।

•



## ਜੇ ਭੁੱਲ ਗਿਆ ਮੈਂ ਤੈਨੂੰ

ਮੈਂ ਤੈਨੂੰ ਯਾਦ ਨਹੀਂ ਕਰਦਾ
ਇਹ ਤਾਂ ਤੇਰੀ ਸ਼ਿੱਦਤ ਹੈ
ਜੋ ਠੰਡੀ ਸ਼ਾਮ ਦੇ ਵੇਲੇ
ਸਿਖ਼ਰ ਦੁਪਹਿਰਾ ਬਣ ਬਹੁੜਦੀ
ਅੰਗ ਅੰਗ ਤਪਾ ਜਾਂਦੀ
ਤੂੰ ਯਾਦ ਹੀ ਇੰਨਾਂ ਕਰਦੀ
ਕਿ ਮੀਲਾਂ ਦੂਰ ਬੈਠਾ
ਮੈ ਝੂਣਿਆਂ ਜਾਂਦਾ
ਹਲੂਣਿਆਂ ਜਾਂਦਾ
. .ਉਂਝ ਮੈਂ ਤੈਨੂੰ ਕਦੇ ਯਾਦ ਨਹੀਂ ਕੀਤਾ

ਜੇ ਭੁੱਲ ਗਿਆ ਕਿਧਰੇ ਮੈਂ ਤੈਨੂੰ
ਦੋਸ਼ ਨਾ ਦਈਂ
ਰੋਸ ਨਾ ਕਰੀਂ
ਇਹ ਸਮਝੀਂ ਕਿ ਤੇਰੇ ਪਿਆਰ ਦੀ ਸ਼ਿੱਦਤ
ਹੁਣ ਪਹਿਲਾਂ ਜਿਹੀ ਨਹੀਂ ਰਹੀ

ਜੇ ਮੈਂ ਝੂਣਿਆਂ ਨਾ ਗਿਆ
ਜੇ ਮੈਂ ਹਲੂਣਿਆਂ ਨਾ ਗਿਆ
. . . . . . . . . . . .
ਉਂਝ ਮੈਂ ਤੈਨੂੰ ਆਪ ਕਦੇ ਯਾਦ ਨਹੀਂ ਕਰਦਾ।

•

# ਉਦਾਸ ਸ਼ਾਮ

ਧੁਆਂਖੀਆਂ ਛੱਤਾਂ
'ਤੇ ਸਲ੍ਹਾਬੀਆਂ ਕੰਧਾਂ ਦੇ
ਓਸ ਕੱਚੇ ਜਿਹੇ ਘਰ ਵਿੱਚ
ਜਿੱਥੇ ਸਭ ਕੁਝ ਕਚਰਾ-ਕਚਰਾ ਜਿਹਾ
ਸਭ ਕੁਝ ਖਿੰਡਿਆ ਪੁੰਡਿਆ ਜਿਹਾ
ਹਰ ਸ਼ਾਮ ਇੱਕ ਉਦਾਸੀ ਲੱਥਦੀ ਹੈ
ਲੜਖੜਾਉਂਦਾ ਪੂਰੂ ਜਦ
ਕੰਮ ਤੋਂ ਪਰਤ, ਸ਼ਾਮੀਂ ਬੂਹਾ ਖੋਹਲਦਾ
ਤਾਂ ਉਦਾਸੀ ਦਾ ਖੰਘਾਰ
ਨਲਕੇ ਦੇ ਪਾਣੀ ਦੀ ਘੁੱਟ ਨਾਲ
ਸੰਘੋਂ ਥੱਲੇ ਕਰ ਲੈਂਦਾ
'ਤੇ ਗੰਦੀ ਜਿਹੀ ਗਾਹਲ ਕੱਢ ਛੱਡਦਾ
ਇਹ ਉਦਾਸੀ ਦਾ ਭਾਰ
ਜੋ ਗਾਹਲ ਬਣ ਬੁੱਲਾਂ ਤੇ ਆਉਂਦਾ
ਪਲ ਪਲ ਦੂਰ ਕਰਨਾ ਲੋਚਦਾ ਪੂਰੂ
. . . ਪਰ ਸ਼ਾਮ ਹੋਰ ਗਹਿਰੀ ਹੋ ਜਾਂਦੀ।

•

## ਨਾ ਪਰ ਦੁਲਹਨ , ਨਾ ਹੀ ਕੰਤ

ਦਿਲ ਵੇਦਨ ਦਾ ਡੂੰਘਾ ਸਾਗਰ
ਮੇਰੇ ਵਰਗੇ ਡੁੱਬ ਜਾਂਦੇ ਨੇ
ਲੋਕੀਂ ਆਖਣ ਹੋਏ ਅਲੋਪ
ਜੋਤੀ ਦੇ ਵਿੱਚ ਮਿਲ ਗਈ ਜੋਤ

ਵਰ੍ਹਿਆਂ ਦੇ ਬੀਤਣ ਪਿੱਛੋਂ ਵੀ
ਨਾਨਕ ਬਣਕੇ ਨਹੀਂ ਹਾਂ ਮੁੜਦੇ
ਖ਼ੁਦ ਆਪਣੇ ਹੀ ਕੋਲੋਂ ਦੂਰ
ਰੋਹੀਆਂ ਦੇ ਵਿੱਚ ਖਿੰਡਦੇ-ਥੁੜਦੇ
ਐਵੇਂ ਲੋਕੀਂ ਭੁੱਲੇ ਭਟਕੇ
ਵੇਖਣ ਸਾਨੂੰ ਰੱਬ ਨਾਲ ਜੁੜਦੇ

ਕਾਲੀ ਲੋਈ ਲੈ ਕੇ ਆਪਾਂ
ਸੰਤ ਨਹੀਂ ਕੋਈ ਨਹੀਂ ਮਹੰਤ



ਲੱਖਾਂ ਸੈਆਂ ਜੀਆਂ ਵਰਗੇ
ਆਪਾਂ ਵੀ ਧਰਤੀ ਦੇ ਜੰਤ
ਜਦ ਇਸ ਪਾਪੀ ਬੰਦੇ ਤਾਈਂ
ਰੱਬ ਦਾ ਬੰਦਾ ਆਖਣ ਲੋਕ
ਕਈ ਸਵਾਲ ਸਲੀਬਾਂ ਬਣ ਕੇ
ਅੰਦਰਵਾਰੇ ਖੁੱਭ ਜਾਂਦੇ ਨੇ
ਆਖਣ ਲਈ ਕਿ ਪਾਣੀ ਬੁੱਸਾ
ਕਾਈ, ਸਰਕੜ ਉੱਗ ਜਾਂਦੇ ਨੇ
ਦਿਲ ਵੇਦਨ ਦਾ ਡੂੰਘਾ ਸਾਗਰ
ਮੇਰੇ ਵਰਗੇ ਡੁੱਬ ਜਾਂਦੇ ਨੇ
ਲੋਕੀਂ ਆਖਣ ਸੰਤ ਮਹੰਤ
ਨਾ ਪਰ ਦੁਲਹਨ, ਨਾ ਹੀ ਕੰਤ।

•

# ਜੰਗਲ

ਕੀ ਕੋਈ ਨਵੀਂ ਸਾਖ਼ ਫੁੱਟੇਗੀ ?
ਕੀ ਕੋਈ ਨਵਾਂ ਰਾਗ ਛੁੱਟੇਗਾ ?
ਬਲਦੇ ਜੰਗਲਾਂ 'ਚੋ ਇਹੀ ਸਵਾਲ ਉੱਠਦਾ ਹੈ

ਜੰਗਲ ਆਬਾਦ ਤਾਂ ਹੀ
ਜੀਵਨ ਆਬਾਦ ਤਾਂ ਹੀ
ਜੇ ਪਾਣੀ ਬੇਰੋਕ ਵਗਦਾ ਹੈ
ਜੇ ਦੇਹਲੀ 'ਤੇ ਦੀਵਾ ਜਗਦਾ ਹੈ
. . . . . . . .
ਜੀਵਨ ਵੀ ਤਾਂ ਜੰਗਲ ਹੈ !

•

## ਕਿੰਨਾਂ ਤਰਸਦਾ ਰਿਹਾਂ

ਦਰ ਖੁੱਲ੍ਹਦੇ ਸਾਰ
ਨਿੰਮੀਆਂ ਨਿੰਮੀਆਂ ਕਣੀਆਂ
ਕਾਹਲੀ ਨਾਲ
ਘਰ ਅੰਦਰ ਪ੍ਰਵੇਸ਼ ਕਰ ਗਈਆਂ
ਠੰਡੀ ਯੱਖ਼ ਹਵਾ
ਪਾਟੇ ਬੁੱਲਾਂ ਨੂੰ ਰਾਹਤ ਬਖ਼ਸ਼ਦੀ
ਜੀਕਣ
ਭਾਈ ਕਨ੍ਹਈਏ ਦਾ ਹੱਥ ਹੋ ਗਈ ਹੋਵੇ
. . . . . . . . . . . .
ਕਿੰਨੀਆਂ ਤਰਸਦੀਆਂ ਰਹੀਆਂ ਕਣੀਆਂ!
ਕਿੰਨਾਂ ਤਰਸਦਾ ਰਿਹਾ ਮੈਂ!

•

## ਪਛਾਣ

ਹਰ ਬੁੱਤ 'ਤੇ
ਇੱਕ ਚਿੱਟ ਲਟਕ ਰਹੀ ਐ
ਸੂਟਕੇਸ ਵਾਂਗ
ਜੋ ਮਾਲਕੀ ਦੱਸਦੀ
ਅਧਿਕਾਰ ਦੱਸਦੀ
ਹਰ ਕੁਝ
ਵਾਦਾਂ ਦਵੰਧਾਂ 'ਚ ਘਿਰਿਆ
ਧੁਰ ਬਿੰਦੂ ਤੋਂ ਦੂਰ ਜਾਪਦੈ
ਉਹ ਕੁਝ ਨਾ ਬੋਲਦਾ
ਮੂਕ ਖੜ੍ਹੈ
'ਤੇ ਚਿੱਟ
ਆਪਣੇ ਹਨੇਰੇ 'ਚ
ਹਜ਼ਾਰ ਪਾਸੇ ਲਕੋ ਲੈਂਦੀ ॥

•

## ਨਿੱਤ ਕਿਰਿਆ

ਦਿਨ ਚੜ੍ਹਦੇ ਹੀ ਤੁਰ ਪੈਂਦੇ ਹਾਂ
ਭਾਲਣ ਲਈ ਦਿਸਹੱਦੇ
ਤੁਰਦੇ ਫਿਰਦੇ
ਜੰਗਲ ਭੰਵਦੇ
ਜੀਵਨ ਦੀ ਸੂਹ ਲੱਭਦੇ
ਕੁਝ ਅਹਿਸਾਸ ਗ਼ਮਾਂ ਦੇ
ਕੁਝ ਇੱਕ ਖ਼ੁਸ਼ੀਆਂ
ਕੁਝ ਜੀਵਨ ਦੀਆਂ ਰਮਜ਼ਾਂ ਲੈ ਕੇ
ਥੱਕੇ ਟੁੱਟੇ ਘਰ ਆ ਵੜੀਏ
ਦੋ ਘੁੱਟ ਚਾਹ ਦੀ
ਰੋਟੀ ਟੁੱਕਰ
ਚੁੱਪ ਚੁਪੀਤੇ
ਥੱਕੇ ਹਾਰੇ
ਬਿਸਤਰ ਉਤੇ ਜਾ ਪੈਂਦੇ ਹਾਂ. . .
ਕੀ ਇਹੀ ਹੈ ਜਿੰਦਗੀ ?

ਨਾ ਵੇ ਮਨ, ਤੂੰ ਏਥੇ ਨਾ ਰੁਕ
ਅਗਲੇ ਦਿਨ ਦੀ ਬਾਬਤ ਥੋੜ੍ਹੇ
ਹੋਰ ਉਚੇਰੇ ਸੁਪਨੇ ਵੇਖੀਂ,
ਹੋਰ ਉਲਾਂਘਾਂ ਨਵੀਆਂ ਪੁੱਟੀਂ,
ਚਿੰਤਾ ਛੱਡ ਕੇ ਚੁੱਪ ਚਾਪ ਸੌਂ ਜਾਵੀਂ
ਜੀਵਨ ਉਂਝ ਵੀ ਲੰਘ ਜਾਣਾ ਹੈ
ਜੀਵਨ ਇੰਝ ਵੀ ਲੰਘ ਜਾਣਾ ਹੈ

•

## ਚਾਰ ਦੀਵੇ

ਪਹਿਲਾ ਦੀਵਾ ਉਸ ਦੇ ਨਾਵੇਂ
ਜਿਸ ਦਿਲ ਯਾਦ ਕਰੇ,
ਜਿਸ ਦੀ ਉੱਚੀ ਅੱਖ ਦੀ ਖ਼ਾਤਿਰ
ਦਿਲ ਫਰਿਆਦ ਕਰੇ।

ਦੂਜਾ ਦੀਵਾ ਉਸ ਦੇ ਨਾਵੇਂ
ਜਿਸ ਵੀ ਘਰ ਉਹ ਜਾਵੇ,
ਉਸ ਘਰ ਵਿੱਚ ਉਹ ਖ਼ੁਸ਼ੀਆਂ ਵੰਡੇ
ਝਾਂਜ਼ਰ ਨੂੰ ਛਣਕਾਵੇ।

ਤੀਜਾ ਦੀਵਾ ਆਪਣੀ ਖ਼ਾਤਿਰ
ਆਪਣੇ ਘਰ ਦੀ ਖ਼ਾਤਿਰ,
ਆਪਣੇ ਪਿੱਤਰ, ਆਪਣੀ ਮਾਤਾ
ਆਪਣੇ ਪਿਉ ਦੀ ਖ਼ਾਤਿਰ।

ਚੌਥਾ ਦੀਵਾ ਚਾਰੇ ਪਾਸੇ
ਵੱਸਦੀ ਦੁਨੀਆਂ ਨਾਵੇਂ,
ਚਾਰ ਦਿਸ਼ਾਵੀਂ ਵੱਸਦੀ ਖ਼ਲਕਤ
ਰੱਬ ਦਾ ਨਾਮ ਧਿਆਵੇ।

•



## ਅਣਗੌਲੇ

ਕੈਕਟਸ ਤੇ ਨਿਕਲਿਆ ਫੁੱਲ
ਚੁੱਪਕੇ ਜਿਹੇ
ਇੱਕ ਮਲੂਕ ਕਵਿਤਾ
ਮੇਰੀ ਤਲੀ ਤੇ ਧਰ ਗਿਆ
ਕਵਿਤਾ ਲੈ
ਸਾਰਾ ਦਿਨ ਸਰੋਤੇ ਭਾਲਦਾ ਰਿਹਾ
ਪਰ
ਅਣਸੁਣੀ ਕਵਿਤਾ ਲੈ
ਜਦ ਸ਼ਾਮੀਂ ਘਰ ਪਰਤਿਆ
ਫੁੱਲ ਉਦਾਸ ਹੋ ਗਿਆ
ਫੁੱਲ ਨੇ ਫਿਰ ਕਦੀ
ਕੋਈ ਕਵਿਤਾ
ਮੇਰੀ ਤਲੀ 'ਤੇ ਨਹੀਂ ਧਰੀ।

•



## ਅਲਵਿਦਾ

ਅਲਵਿਦਾ ਐ ਜਾਣ ਵਾਲਿਆ, ਪਰ ਜ਼ਰਾ ਰੁਕ ਜਾਵੀਂ
ਕਿ ਨਜ਼ਰ ਭਰ ਕੇ ਨਜ਼ਰ ਉਤਾਰ ਲਵਾਂ ਤੇਰੀ ।
ਤੂੰ ਫਿਰ ਆਵੇਂ, ਆਵੇਂ ਕਿ ਨਾ ਆਵੇਂ
ਮੇਰੇ ਸਿਰ ਰਹਿਮਤ ਪਈ ਉਧਾਰ ਤੇਰੀ ।
ਕਿ ਸ਼ਬਦ ਤੇਰੇ ਗੂੰਜਦੇ, ਗੂੰਜਦੇ ਹੀ ਰਹਿਣਗੇ
ਮੇਰੇ ਮਨ ਦੀ ਤਾਰ ਨਾਲ, ਜੁੜੀ ਐ ਸਿਤਾਰ ਤੇਰੀ ।
ਕਿ ਦੂਰ ਦੇਸ ਜਿੱਥੇ ਚੱਲਿਐਂ, ਤੈਂ ਮੁੜ ਨਹੀਂ ਆਉਣਾ
ਕਿ ਸਾਂਭ ਕੇ ਰੱਖਲਾਂ, ਚਿਹਰੇ ਦੀ ਨੁਹਾਰ ਤੇਰੀ ।

•

## ’ਤੇ ਆਖ਼ਿਰ

ਚਿਰ ਤਾਂ ਕੋਈ ਬਹੁਤਾ ਨਹੀਂ ਹੋਇਆ
ਜਾਂ ਇਉਂ ਕਹਾਂ
ਕਿ ਚਿਰ ਤਾਂ ਕਦੀ ਵੀ ਬਹੁਤਾ ਨਹੀਂ ਹੁੰਦਾ
ਇੱਕ ਥਾਂ ਤੋਂ ਤੁਰਿਆਂ ਨੂੰ
ਵਿੱਛੜ ਕੇ ਮੁੜਿਆਂ ਨੂੰ

ਲਿਖੇ ਖ਼ਤਾਂ ਦੀ ਜਦ ਇਬਾਰਤ ਯਾਦ ਪੈਂਦੀ
ਤਾਂ ਬਲਦੇ ਸਿਵੇ ਨੂੰ ਵੇਖਣ
ਛੱਤ ਤੇ ਜਾਣ ਦੀ ਲੋੜ ਨਾ ਰਹਿੰਦੀ

ਯਾਦ ਹੈ . . . .
ਅਣਚਾਹੇ ਜਿਹੇ ਮਨ ਨਾਲ ਉਹ ਖ਼ਤ ਲੈਂਦੀ
’ਤੇ ਅਖਰੀਲੇ ਦਿਨਾਂ ’ਚ ਇਹ ਕਹਿੰਦੀ ਸੁਣੀ ਗਈ
. . .ਹਾਂ, ਉਹ ਮੇਰਾ ਚੰਗਾ ਦੋਸਤ ਸੀ ।

•

# ਤੇਰਾ, ਤੇਰੇ ਨਾਵੇਂ

ਪਲਕਾਂ ਹੇਠਾਂ ਬੁੱਲੀਆਂ ਉੱਤੇ
ਪੈਰ ਤੇਰੇ ਦਮ ਵਾਸਾ ਮੇਰਾ,
ਨਾ ਜਾਣਾਂ ਕਿਉਂ ਫਿਰ ਵੀ ਤੇਰੇ
ਰਾਹ 'ਚੋਂ ਆਪਾ ਮੋੜ ਰਿਹਾ ਹਾਂ ।

ਥੋੜ੍ਹਾ ਮਿੱਟੀ, ਥੋੜ੍ਹਾ ਅੰਬਰ
ਥੋੜ੍ਹਾ ਸਾਗਰ ਕੋਲੋਂ ਲੈ ਕੇ,
ਖਿੰਡੇ ਹੋਏ ਅਸਤਿਤਵ ਦਾ
ਕਿਣਕਾ-ਕਿਣਕਾ ਜੋੜ ਰਿਹਾ ਹਾਂ ।

ਤੇਰੇ ਨਾਵੇਂ ਮੋਹ ਦੀਆਂ ਭਰੀਆਂ
ਭੇਜ ਰਿਹਾ ਹਾਂ ਕੁਝ ਅਸੀਸਾਂ,
ਗ਼ਮ ਦੇ ਕੋਝੇ ਹੰਝੂ ਰੱਖ ਕੇ
ਤੇਰੇ ਹਾਸੇ ਮੋੜ ਰਿਹਾ ਹਾਂ ।

ਸ਼ੋਖ਼ ਰੰਗੀਨੀਂ ਠੰਡੀਆਂ ਛਾਵਾਂ
ਨੀਮ ਬੇਹੋਸ਼ੀ ਥਾਵਾਂ ਛੱਡਕੇ,
ਤਪਦੇ ਮਾਰੂਥਲ ਦਾ ਸੇਕਾ
ਸਿਖ਼ਰ ਦੁਪਹਿਰੇ ਲੋੜ ਰਿਹਾ ਹਾਂ ।

ਚਾਰ ਚਿਰਾਗਾਂ ਕੋਲੋਂ ਲੁਕਕੇ
ਫੁੱਲਾਂ ਕੋਲੋਂ ਮੁੱਖ ਛੁਪਾ ਕੇ,
ਹਿਜ਼ਰ ਕਿਸੇ ਅਣਜਾਣੇ ਦੇ ਵਿੱਚ
ਦਿਲ ਤੇ ਨੋਕਾਂ ਤੋੜ ਰਿਹਾ ਹਾਂ ।

ਥੋੜ੍ਹਾ ਮਿੱਟੀ, ਥੋੜ੍ਹਾ ਅੰਬਰ . . .

•

## ਆਜੜੀ

ਆਦਤਨ
ਰੋਜ਼ ਸ਼ਾਮ ਦੇ ਵੇਲੇ
ਜੁੱਤੀ ਝਾੜੇ
ਫੜ੍ਹਕੇ ਪਰਨਾ ਮੁੜ੍ਹਕਾ ਪੂੰਝੇ
ਮੁੜ੍ਹਕਾ, ਜਿਸਨੂੰ ਕਦੇ ਨਾ ਆਇਆ
ਰਾਜਾ, ਜੋ ਕਿ ਤਖ਼ਤ ਬਿਠਾਇਆ
ਰੋਜ਼ ਸ਼ਾਮ ਦੇ ਵੇਲੇ
ਪਿਛਲੇ ਜਨਮ ਦੇ ਚੱਕਰਵਿਊ ਵਿੱਚ
ਹਰਕਤ ਕਰਦਾ ਵਾਂਗ ਆਜੜੀ
ਸੋਟੀ ਚੁੱਕਦਾ
ਪੁੱਚ ਪੁੱਚ ਕਰਦਾ
ਇੱਜੜ ਚਾਰੇ
ਭੇਡਾਂ ਲੇਲੇ ਪਿਆ ਪੁਚਕਾਰੇ

ਰੋਜ਼ ਸ਼ਾਮ ਦੇ ਵੇਲੇ
ਰਾਜਾ ਇੱਕ ਆਜੜੀ ਬਣਦਾ॥

•

## ਮੈਂ ਵਡਭਾਗੀ

ਮੈਂ ਵਡਭਾਗੀ, ਮੈਂ ਵਡਭਾਗੀ
ਮੇਰੇ ਘਰ ਦੀ ਮਿੱਟੀ ਖ਼ਾਤਿਰ
ਉਸ ਦੇ ਚਿੱਤ ਮੁਹੱਬਤ ਜਾਗੀ॥

ਮੈਂ ਨਹੀਂ ਪਾਂਧਾ, ਮੈਂ ਨਹੀਂ ਜੋਗੀ
ਮੈਂ ਨਹੀਂ ਦੀਨ ਦੁਨੀਂ ਦਾ ਤਿਆਗੀ।
ਮਨ ਦਾ ਦੀਪ ਜਗਾਵਣ ਆਇਆ
ਨਾ ਮੈਂ ਮੋਨੀ, ਨਾ ਮੈਂ ਰਾਗੀ॥

ਮਨ ਵਿਚ ਇਕ ਖ਼ਵਾਹਿਸ਼ ਲੈ ਕੇ
ਤੱਕਣ ਵੱਤ ਗੁੰਜ਼ਾਇਸ਼ ਲੈ ਕੇ।
ਬੋਲ ਨਹੀਂ ਸਕਦਾ ਆਇਆ ਹਾਂ ਪਰ
ਹਾੜ੍ਹ ਸੁਧ੍ਹੇ ਦੀ ਬਾਰਿਸ਼ ਲੈ ਕੇ॥

ਅਣਆਖੇ ਬੋਲਾਂ ਲਈ ਆਖੋ
ਉਹ ਹੀ ਕੋਈ ਸ਼ਬਦ ਬਣਾ ਦਏ।
ਹਾੜ੍ਹ ਮਹੀਨੇ ਵਰ੍ਹਦੀ ਬਾਰਿਸ਼
ਕਹਿ ਜਾਵੇ ਜੇ ਮਨ ਦੀ ਆਖੀ॥

ਮੈਂ ਵਡਭਾਗੀ, ਮੈਂ ਵਡਭਾਗੀ

•



## ਮਕਬਰਾ

ਗਗਨ ਕਿਹਾ ਵਰਸਾਂ
ਤਾਂ ਕੋਈ ਵਿਤਕਰਾ ਨਹੀਂ
ਜ਼ਨੌਰ ਕਿਹਾ ਕਿ ਉੱਡੋ
ਮੈਂ ਕੋਈ ਸ਼ਿਕਰਾ ਨਹੀਂ
ਤੂਫ਼ਾਨ ਹਾਂ ਪਰ ਨਾ ਡਰੋ
ਸ਼ਨੀ ਜਿਹਾ ਨਛਿੱਤਰਾ ਨਹੀਂ
ਸਮਾਜ ਕਿਹਾ ਕਿ ਮੈਂ ਵਿੱਚ
ਝੂਠ ਦਾ ਕਤਰਾ ਨਹੀਂ
ਫਿਰ ਕਹੋ ਕਿਉਂ ਹਰ ਜ਼ੁਬਾਂ ’ਤੇ
ਸੁਖ਼ਦ ਦਾ ਫ਼ਿਕਰਾ ਨਹੀਂ
ਕੀ ਕਾਰਨ ਕਿ ਛੁਰੀ ਤੋਂ
ਆਜ਼ਾਦ ਹਰ ਬੱਕਰਾ ਨਹੀਂ
ਫਿਰ ਤੂੰ ਹੀ ਦੱਸ ‘ਵਕਤ’ ਕਿਉਂ
ਹਰ ਕਬਰ ਤੇ ਮਕਬਰਾ ਨਹੀਂ।

•

# ਫੌਜੀ ਦੀ ਡਾਇਰੀ

ਸੁੰਨਸਾਨ,
ਚੁਫੇਰੇ ਬੀਆਬਾਨ ਵਿੱਚ
ਦੂਰ ਮੀਲਾਂ ਤੱਕ ਸੁੰਨੀਂ ਧਰਤੀ
ਕਿਤੇ ਕਿਤੇ ਚਿੱਟੇ ਕਬੂਤਰਾਂ ਵਰਗੇ
ਸੁਰੱਖਿਆ ਦਸਤਿਆਂ ਦੇ ਚਬੂਤਰੇ
ਵਰ੍ਹਿਆਂ ਦਾ ਸਾਥ
ਕੁਝ ਸਾਥੀ
ਜੋ ਸਦਾ ਕੁਝ ਹੀ ਰਹੇ
ਪੱਤ ਆਉਂਦੇ ਰਹੇ
ਝੜਦੇ ਰਹੇ. . .
ਫੌਜੀ ਆਉਂਦੇ ਰਹੇ
ਮਰਦੇ ਰਹੇ . . .


[illegible] Sep [illegible] /62
[illegible] at Camp [illegible]
[illegible] exciting
[illegible] Sep 23rd /62
Called up at [illegible] o'clock
[illegible] the morning [illegible]
[illegible] for battle but nothing
[illegible] place
[illegible] Sep 24th [illegible]
Nothing of interest
Thur - Sep 25th /62
[illegible]
no fighting done. The [illegible]
Michigan had fifteen
men taken prisoners [illegible]
up without firing
a gun

Frid - Sep - 26th /62
Day at Camp near [illegible]
nothing of interest
Sat - Sep 27th /62
On picket duty [illegible]
going on our lines
Sun - Sep - 28th [illegible]
No important movements
Mon - Sep - 29th /62
[illegible]

ਵਰ੍ਹਿਆਂ ਦੀ ਏਸ ਗਰਦਿਸ਼ ਨੇ
ਮੇਰੇ ਵਿੱਚੋਂ ਮੈਂ ਮਨਫ਼ੀ ਕਰ ਦਿੱਤੀ
ਅੱਜ ਸਰਹੱਦ ਤੇ ਖੜ੍ਹਾ ਬੂਟਾ ਸਿੰਘ
ਬੂਟਾਂ ਤੋ ਸਿਰ ਤੀਕ ਫੌਜੀ ਹੈ
ਮੇਰੀ ਵਰਦੀ, ਅਹੁਦਾ, ਤਮਗੇ
'ਤੇ ਬੱਸ ਇਹੀ ਕੁਝ. . . . . .

ਅੱਜ ਮਾਂ ਬਹੁਤ ਯਾਦ ਆ ਰਹੀ ਹੈ
ਚੌਥੀ ਜਮਾਤ ਵਿੱਚ ਪੜ੍ਹਦਾ ਬੂਟਾ
ਮਾਂ ਅੱਗੇ ਖੜ੍ਹਾ ਹੋ ਜਾਂਦਾ ਹੈ
ਮਾਂ ਇਨਾਮ 'ਚ ਮਿਲੀ ਕਾਪੀ ਨੂੰ ਚੁੰਮਦੀ ਹੈ ।

ਹੁਣ ਵੀ ਜਾਪਦੈ ,
ਮਾਂ ਦੇ ਸਾਹ ਮੇਰੇ ਮੋਢਿਆਂ ਤੇ ਲੱਗੇ
ਤਮਗਿਆਂ ਨੂੰ ਚੁੰਮਦੇ ਪਏ ਨੇ

ਮਾਂ ਇਸ ਸੁੰਨਸਾਨ ਬੀਆਬਾਨ ਵਿੱਚ
ਅੱਜ ਫਿਰ ਯਾਦ ਆ ਰਹੀ ਹੈ।

•

## ਲੋਚਾ

ਕਹਿਣ ਨੂੰ ਤਾਂ ਉਸ ਦਾ ਪਹਾੜੀ 'ਤੇ ਘਰ ਸੀ
ਕਹਿਣ ਨੂੰ ਤਾਂ ਠੰਡੀ ਵਾਅ ਦਾ ਵਸੇਬਾ ਸੀ
ਠੰਡੇ ਜਲ ਦੇ ਫੁਹਾਰੇ ਫੁੱਟਦੇ ਸਨ
ਪਰ
ਦਿਲ ਉਹਦੇ ਡਾਹਢੀ ਤਪਸ਼ ਦੀ ਠਹਿਰ ਸੀ
ਉਹ ਸੂਰਜ ਦੇ ਹੋਰ
ਨੇੜੇ ਹੋਣਾ ਲੋਚਦੀ
'ਤੇ ਅਕਸਰ ਕਿਹਾ ਕਰਦੀ ਸੀ. . .
. . . ਮੈਂ ਰੇਤ ਹੋ ਜਾਣਾ ਚਾਹੁੰਦੀ ਹਾਂ
ਜੋ ਅੱਗ ਬਣ ਚਮਕਾਂ
'ਤੇ ਚਾਦਰ ਹੋ ਵਿਛ ਜਾਵਾਂ।

•



## ਕਦੇ ਉਹ

ਕਦੇ ਉਹ ਪੀਰ ਹੁੰਦੀ ਹੈ
ਕਦੇ ਉਹ ਨੀਰ ਹੁੰਦੀ ਹੈ
ਅਸਾਂ ਦੇ ਵਾਸਤੇ ਐਪਰ
ਸਦਾ ਸਮਸ਼ੀਰ ਹੁੰਦੀ ਹੈ ।

ਉਹਦੇ ਹੱਥਾਂ 'ਚ ਪਾਨੀਪਤ
ਉਹਦੇ ਲੇਖਾਂ 'ਚ ਬਾਬਰ ਹੈ
ਉਹਦੇ ਨੈਣਾਂ 'ਚ ਸੀਤਾ ਦੀ
ਭਟਕਵੀਂ ਧੀਰ ਹੁੰਦੀ ਹੈ।

ਜਾਂ ਹੁੰਦੀ ਚੁੱਪ ਕਦੇ ਵੀਣਾ
ਤਾਂ ਔਰੰਗਜੇਬ ਨੂੰ ਕਹਿੰਦੀ
ਕਿ ਦੱਬਿਆ ਸਾਜ਼ ਜੇ ਕਿਧਰੇ
ਤਾਂ ਇੱਕ ਅਖੀਰ ਹੁੰਦੀ ਹੈ।

•

## ਵੀਣਾ ਦਾ ਰਾਗ

ਖ਼ੁਦਾ ਤੇਰੀ ਖ਼ੁਦਾਈ ਦਾ
ਬਲਦਾ ਚਿਰਾਗ ਹਾਂ,
ਹਾਂ ਮਹਿਕ ਹਾਲੇ ਢੂੰਡਦਾ
ਸ਼ਬਨਮ ਦਾ ਖ਼ਾਬ ਹਾਂ।

ਜਾਂ ਪੌਣ ਤੇਰੀ ਮੱਤੜੀ
ਅੰਦਰ ਦਾ ਪਾਰਾ ਛੇੜਿਆ,
ਰੁਕਿਆ ਨਾ ਜਿਹੜਾ ਅਜ਼ਲ ਤੋਂ
ਵੀਣਾ ਦਾ ਰਾਗ ਹਾਂ।

•



## ਵੇ ਮੇਰੇ ਚੰਨਣਾ

ਜ਼ਰਾ ਸੁਣ ਵੇ ਜੰਮਣ ਵਾਲਿਆ
ਸੁਣ ਕੱਤਣ ਵਾਲਿਆ ਜਾਹ
ਅਜੇ ਜੰਮਣ ਸੂਤਕ ਪੀੜ ਦਾ
ਪਿਆ ਕੱਤਣ ਢੇਰ ਪਿਆ
ਅਜੇ ਤੀਕ ਤਾਂ ਰਫ਼ਲਾਂ ਬਰਛਿਆਂ
ਦਾ ਮਘਿਆ ਯੁੱਗ ਰਿਹਾ
ਅਜੇ ਬਿੰਦੀ, ਸੁਰਖ਼ੀ, ਲੱਛਮੀਂ ਤੱਕ
ਆਦਮ ਸਿਮਟ ਰਿਹਾ
ਮੇਰੇ ਯੁੱਗ ਦੇ ਪਹੀਏ ਕੱਚੜੇ
ਤੰਦ ਕਿੱਥੇ ਉਲਝ ਗਿਆ
ਉਦੋਂ ਤੀਕ ਨਾ ਮਿਲਨਾ ਮੁਕਤੀਆਂ
ਜਦ ਹੱਥ ਨਾ ਮਾਰਨ ਭਾਅ
ਵੇ ਇਕ ਬੂਟਾ ਵਿਹੜੇ ਲਾ ਦੇਵੀਂ
ਵੇ ਭੈੜਾ ਯੁੱਗ ਦੇਵੀਂ ਪਲਟਾ
ਵੇ ਮੇਰੇ ਚੰਨਣਾ. . . . .

•

# ਲੰਬੀਆਂ ਕਵਿਤਾਵਾਂ

**ਬੁੱਢਾ ਬਿਰਖ ਨਾ ਸਮਝੇ ਕੋਈ ਗੱਲ ਮੁਹੱਬਤ ਵਾਲੀ**
**ਕੂਲੇ ਪੱਤੇ ਆਖਣ ਇਸ 'ਤੇ ਆਈਆਂ ਨਹੀਂ ਬਹਾਰਾਂ।**

## ਉਹ ਹੁਣ ਵੀ ਉਡੀਕਦੀ ਹੈ

"ਨੀ ਜੀਤੇ
ਅੱਜ ਆਟਾ ਬੁੜਕਿਆ ਈ
ਲੱਗਦੈ ਤੇਰਾ ਵੀਰ ਆਵੇਗਾ।"
ਮਾਂ ਨੂੰ ਅਕਸਰ ਆਖਦਿਆਂ ਸੁਣਦੀ ਹਾਂ. . .

ਵਰ੍ਹੇ ਗੁਜ਼ਰ ਗਏ ਨੇ ਭਾਵੇਂ
ਪੁੱਤ ਦੀ ਉਡੀਕ ਪਰ
ਮਾਂ ਦੀਆਂ ਅੱਖਾਂ 'ਚ ਮੱਧਮ ਨਹੀਂ ਹੋਈ

ਯਾਦ ਹੈ,
ਛੋਟੀ ਉਮਰੇ ਮੈਂ ਦੁਆ ਮੰਗਦੀ
'ਇੱਕ ਵੀਰ ਦੇਈਂ ਵੇ ਰੱਬਾ
ਸਹੁੰ ਖਾਣ ਨੂੰ ਬੜਾ ਚਿੱਤ ਕਰਦਾ'



ਤਾਂ ਮਾਂ ਦੀਆਂ ਅੱਖਾਂ 'ਚ ਹੁਲਾਸ ਭਰ ਜਾਂਦਾ,
ਮਾਂ ਸੋਚਦੀ
'ਰੱਬ ਆਪਣੇ ਕਰਮਾਂ ਦੇ ਟਾਹਣ ਤੋਂ ਤੋੜ
ਇੱਕ ਡੰਗੋਰੀ ਕਿਉਂ ਨਈਂ ਦੇ ਦਿੰਦਾ'

ਇੱਕ ਦਿਨ ਉਹ ਵੀ ਆਇਆ
ਰੱਬ ਨੇ ਆਪਣਾ ਟਾਹਣ ਤੋੜ
ਮਾਂ ਨੂੰ ਡੰਗੋਰੀ
ਭੈਣ ਨੂੰ ਲੋਹੜੀ
'ਤੇ ਬਾਪ ਨੂੰ ਉਸਦਾ ਬਚਪਨ ਦੇ ਦਿੱਤਾ

ਫਿਰ ਇੱਕ ਦਿਨ ਆਇਆ
ਡੰਗੋਰੀ ਆਪਣੀ ਪਾਲਿਸ਼ ਲਈ,
ਲੋਹੜੀ ਬਾਲਣ ਦੀ ਤਲਾਸ਼ ਵਿੱਚ
'ਤੇ ਬਚਪਨ ਪ੍ਰੌੜ ਹੋਣ ਲਈ
ਘਰ ਦੇ ਵਿਹੜੇ ਨੂੰ ਅਲਵਿਦਾ ਆਖ ਗਿਆ
ਵਿਦੇਸ਼ ਗਿਆ ਵੀਰ ਫਿਰ ਕਦੀ ਘਰ ਨਾ ਮੁੜਿਆ

ਮਾਂ ਨੂੰ ਮੋਤੀਏ ਦੀ ਸ਼ਿਕਾਇਤ ਹੈ
ਭੁੱਲਣ ਵੀ ਬਹੁਤਾ ਲੱਗ ਗਈ ਹੈ ਅੱਜਕੱਲ੍ਹ ਮਾਂ
ਜੋ ਅਕਸਰ ਆਖਦੀ ਹੈ. . . .
ਜੀਤੇ ਅੱਜ ਫਿਰ ਅੱਜ ਆਟਾ ਬੁੜਕਿਆ ਈ
ਲੱਗਦੈ ਤੇਰਾ ਵੀਰ ਆਵੇਗਾ॥

•

# ਅੱਜਕੱਲ੍ਹ ਅਸੀਂ

ਅੱਜਕੱਲ੍ਹ ਅਸੀਂ
ਮੋਮਬੱਤੀ ਹੁੰਦੇ ਆਂ
ਜਾਂ ਫਿਰ ਹੀਟਰ ਹੁੰਦੇ ਆਂ
ਧੂਣੀ ਦੀ ਅੱਗ ਨਹੀਂ ਹੁੰਦੇ
ਸਾਡੇ ਕੋਲ ਅਸ਼ੋਕਾ ਤਾਂ ਹੈ
ਡੇਕ ਨਹੀਂ,
ਕਿੱਕਰ ਨਹੀਂ
'ਤੇ ਨਾ ਖੁੱਲ੍ਹੀ ਹਵਾ ਹੀ
ਪੜ੍ਹਨ ਨੂੰ ਵੀ ਵਾਤਸਿਆਨਾ ਹੈ
ਜਾਂ-ਸੰਭੋਗ ਕਿਵੇਂ ਕਰੀਏ
ਪਰ ਨਾ ਕੋਈ ਸਾਡੇ 'ਚੋ
ਰਸੂਲ ਜੰਮਿਆਂ ਹੈ
ਨਾ ਹੀ ਨਾਨਕ ਦਾ ਫ਼ਲਸਫ਼ਾ ਸਮਝਿਐ

ਅੱਜਕੱਲ੍ਹ ਅਸੀਂ
ਬੜੇ ਗੁੰਝਲਦਾਰ ਅੱਖਰ ਹੁੰਦੇ ਆਂ
ਐਸੇ ਪੱਥਰ ਹੁੰਦੇ ਆਂ
ਜੀਹਦੇ ਪਾਰ ਰੌਸ਼ਨੀ ਨਹੀਂ ਜਾਂਦੀ
ਸ਼ਬਦਾਂ 'ਚ ਕੋਮਲ
ਘਾਹ ਨਹੀਂ ਉੱਗਦਾ
ਹਾਂ-ਸਰਕੜੇ ਦੀ ਬਥੇਰੀ ਮਾਰ ਐ
ਚਟਾਹਲੇ ਤੋਂ ਬਣੀਆਂ
ਪੀਪਣੀਆਂ ਵੀ
ਅਸੀਂ ਗੁਆ ਚੁੱਕੇ ਆਂ
ਤੇ ਅੱਜਕੱਲ੍ਹ ਅਸੀਂ
ਲੋਹ-ਤੂਤੀ ਹੁੰਦੇ ਆਂ

ਅੱਜਕੱਲ੍ਹ ਅਸੀਂ,
ਸਾਂਝੀ ਡੰਡੀ ਵੀ ਨਹੀਂ ਹੁੰਦੇ
ਆਪਣੀ ਡੰਡੀ ਆਪ ਹੁੰਦੇ ਆਂ
ਕਦੇ ਅਸੀਂ ਵਗਦੇ ਪਾਣੀ ਹੁੰਦੇ ਸੀ,
ਛੱਲਾਂ ਹੁੰਦੇ ਸਾਂ
ਅੱਜ ਸਵਿਮਿੰਗ ਪੂਲ ਹਾਂ
ਵਗਦੇ ਪਾਣੀਆਂ ਨਾਲ ਵੀ
ਅਟੁੱਟ ਰਿਸ਼ਤਾ ਹੁੰਦੈ
ਖੜ੍ਹੇ ਬਾਸੀ ਪਾਣੀ ਨਾਲ ਭਲਾ
ਕੀ ਰਿਸ਼ਤਾ ਹੋਇਆ ?

ਅਸੀਂ ਰੋੜਾਂ ਤੇ ਤੁਰਦੇ ਆਂ
ਚੁੱਭਦਿਆਂ ਸਾਰ
ਜਿਹੜੇ ਕਹਿ ਦਿੰਦੇ ਨੇ
'ਸਾਡੇ ਤੇ ਚੱਲਦੇ ਓ
ਅਹਿਸਾਨ ਥੱਲੇ ਓ'
ਇੱਕ ਮਿੱਟੀ ਵੀ ਤਾਂ ਦੇਖੋ
ਅਹਿਸਾਨ ਜਤਾਇਐ ਕਦੀ ?
ਕਿੰਨੇ ਬੁੱਕ ਭਰੋ
ਕਿੰਨੀਂ ਮਿੱਧੋ
ਕਦੀ ਚੂੰ ਨਹੀਂ ਕਰਦੀ
ਤੇ ਉਹੀ ਮਿੱਟੀ
ਭੁੱਲਦੇ ਜਾਂਦੇ ਆਂ
ਕਿਉਂ ਜੋ ਅੱਜਕੱਲ੍ਹ ਅਸੀਂ
ਮਿੱਟੀ ਨਹੀਂ
ਤਾਰਕੋਲ ਦੀ ਸੜਕ ਹੁੰਦੇ ਆਂ

ਅੱਜਕੱਲ੍ਹ ਅਸੀਂ
ਸਾਂਝੀ ਕੰਧ ਵੀ ਨਹੀਂ ਹੁੰਦੇ
ਬੱਸ ਕੰਧ ਹੁੰਦੇ ਆਂ
ਜੀਹਦੇ ਕੰਨ ਨਹੀਂ ਹੁੰਦੇ
ਦੇਸੀ ਜੁੱਤੀ ਦੀ ਯਰਕ ਵੀ
ਹੁਣ ਨਹੀਂ ਬੋਲਦੀ
ਨਾ ਸਾਡੇ ਆਇਆਂ ਦਾ ਪਤਾ ਲੱਗਦੈ
'ਤੇ ਨਾ ਗਿਆਂ ਦਾ . . . .
ਜਿਵੇਂ ਕਿਸੇ ਨੂੰ ਫ਼ਰਕ ਹੀ ਨਹੀਂ ਪੈਂਦਾ ।

•

## ’ਤੇ ਲੰਘ ਗਈ

ਕਮਲਾ ਹੋ ਗਿਆ ਏ ਬਾਪੂ,
ਖਿਡੌਣੇ ਮੰਗਦਾ ਏ!

ਸਿਕੰਦ ਸਿੰਘ ਦੀ ਕਿਹੜੀ ਉਮਰ ਸੀ
ਮੱਝਾਂ ਦੀਆਂ ਪੂਛਾਂ ਮਰੋੜਦਿਆਂ
ਬਚਪਨ ਟਿੱਬਿਆਂ ਦੀ ਰੇਤ ਵਿੱਚ ਗੁਜ਼ਰ ਗਿਆ
ਖੇਤ ਬਾਪੂ ਦੀ ਰੋਟੀ ਦੇਣ ਜਾਂਦਿਆਂ
ਠੀਕਰਾਂ ਨਾਲ ਹੀ ਮਨ ਪਰਚਾ ਲੈਣਾ
ਅੱਗ ਦੀ ਉਮਰ ਤਪਦਿਆਂ ਲੰਘ ਗਈ,
ਡੂੰਘੇ ਸਿਆਲ ਵਿੱਚ ਠਰਦਿਆਂ ਲੰਘ ਗਈ
ਸਿਕੰਦ ਸਿਹੁੰ ਤਾਂ ਕਦੀ ਪੁੱਤਾਂ ਨਾਲ ਵੀ ਨਾ ਖੇਡਿਆ
ਢਿੱਡ ਦੀ ਅੱਗ ਕਿ
ਭਰ ਜ਼ਿੰਦਗੀ ਸਿਕੰਦ ਸਿਹੁੰ ਲਈ
ਘਰ ਦੀ ਛੱਤ ਤੋਂ ਤਾਰੇ ਵੇਖਣਾ
ਨਸੀਬ ਨਹੀਂ ਸੀ ਹੋਇਆ।

ਪੁੱਤ ਜੋ ਕਦੀ ਮੇਲੇ ਵਿੱਚੋਂ
ਖਿਡੌਣੇ ਬਰਤਨਾਂ ਦੀ ਜ਼ਿੱਦ ਕਰਦੇ ਸੀ
ਘਰ ਦੇ ਭਾਂਡੇ ਵੰਡਣ ਲਈ ਉਤਾਰੂ ਹੋ ਬੈਠੇ
ਪੁੱਤਾਂ ਨਾਲ ਖੇਡਣ ਦੀ ਰੀਝ
ਪੋਤਿਆਂ ਵਿੱਚੋਂ ਲੱਭਦਾ ਸਿਕੰਦ ਸਿਹੁੰ
ਇੱਕ ਵਾਰ ਫਿਰ ਛਲਿਆ ਗਿਆ
ਵੱਡੀ ਨੂੰਹ ਨੇ ਪੋਤਿਆਂ ਲਈ ਜਦ
ਦਾਈ ਰੱਖ ਲਈ।

ਪੁੱਤਾਂ ਲਈ ਖਿਡੌਣੇ ਖਰੀਦਦਾ ਸਿਕੰਦ
ਮਜ਼ਬੂਰ ਹੈ,
ਲਾਚਾਰ ਹੈ ਪੁੱਤਾਂ ਅੱਗੇ
ਜੋ ਪੁੱਤਾਂ ਤੋਂ
ਦੋ ਚਾਰ ਨਿਗੂਣੇ ਖਿਡੌਣਿਆਂ ਦੀ
ਮੰਗ ਵੀ ਨਹੀਂ ਮੰਨਵਾ ਸਕਦਾ ।

•

## ਵੱਡਾ ਗਰੀਬ

ਬਾਪੂ ਯਾਦਾਂ ਨੂੰ ਫਰੋਲਦਾ,
ਅਕਸਰ ਉਸ ਬੱਚੇ ਦੀ ਬਾਤ ਪਾਉਂਦਾ
ਢਿੱਡ ਦੀ ਖਾਤਰ
ਜੂਠੇ ਪੱਤਲਾਂ ਵਿੱਚ ਹੱਥ ਮਾਰਦਾ
ਜੋ ਖਾਣ ਲਈ ਕੁਝ ਲੱਭਦਾ, ਭਟਕਦਾ ਰਹਿੰਦਾ
ਉਦੋਂ ਬੱਚਾ ਸਾਂ ਅਜੇ ਮੈਂ।

ਫਿਰ ਮੈਂ ਮੀਤੇ ਤੋਂ ਮਨਜੀਤ ਬਣਿਆ
ਅੰਨ੍ਹਾਂ ਜ਼ੋਰ
ਪਸ਼ੂ ਬਿਰਤੀ
ਸਕੂਲ ਵਿੱਚ ਕਿਸੇ ਨੂੰ ਆਪਣੀ ਵੀ ਰੋਟੀ ਨਹੀਂ ਸਾਂ ਖਾਣ ਦਿੰਦਾ
ਖੋਹ ਖਾਣਾ-ਹੱਸ ਛੱਡਣਾ।

ਫਿਰ ਮਨਜੀਤ ਨਾਲ ਸਿੰਘ ਸ਼ਬਦ ਆ ਜੁੜਿਆ
ਹੁਣ ਮੈਂ ਵੱਡਾ ਹੋ ਗਿਆ ਸਾਂ ਥੋੜ੍ਹਾ
ਬੱਸ ਦੀ ਟਿਕਟ ਵੀ ਮੈਂ ਕਦੀ ਆਪ ਨਾ ਕਟਾਈ
ਰਿਕਸ਼ੇ ਵਾਲੇ ਨਾਲ ਝਗੜਨਾ,
ਉਹਦੀਆਂ ਬਦ–ਦੁਆਵਾਂ
ਕਿਹੜਾ ਕਦੀ–ਕਦਾਈਂ ਦਾ ਕੰਮ ਸੀ।

ਹੁਣ ਸਾਹਿਬ ਮਨਜੀਤ ਸਿੰਘ ਦਫ਼ਤਰ ਵਿੱਚ ਬੈਠਦਾ ਹੈ
ਬੜਾ ਆਉਣ ਜਾਣ ਹੈ ਮੇਰੇ ਦਫ਼ਤਰ ਵਿੱਚ
ਜੀਵਨ ਤੋਂ ਟੁੱਟੇ, ਥੁੜ੍ਹਾਂ ਮਾਰੇ ਲੋਕਾਂ ਦਾ
ਮੈਂ ਕਦੀ ਉਨ੍ਹਾਂ ਦੇ ਚਿਹਰੇ ਨਹੀਂ
ਜੇਬ ਦੇਖਦਾ ਹਾਂ

ਮਜ਼ਬੂਰ ਕੁੜੀ ਤੋਂ ਆਸ ਰੱਖਦਾ ਹਾਂ
ਚਾਹ ਵੀ ਕਦੀ ਪੱਲਿਉਂ ਨਹੀਂ ਪੀਂਦਾ।

ਬਿਰਧ ਹੋ ਗਿਆ ਹਾਂ
ਹਿੱਲਿਆ-ਜੁੱਲਿਆ ਵੀ ਹੁਣ ਬਹੁਤਾ ਨਹੀਂ ਜਾਂਦਾ
ਰੋਜ਼ ਰਾਤ ਨੂੰ ਸੁਪਨੇ ਵਿੱਚ
ਆਪਣੇ ਆਪ ਨੂੰ ਗੰਦਗੀ ਦੇ ਢੇਰ ਵਿੱਚ ਖੜ੍ਹਾ ਵੇਖਦਾ ਹਾਂ
ਜਿਸਨੂੰ ਇੱਕ ਟੁੱਕਰ ਦੀ ਤਲਾਸ਼ ਹੈ
ਜਿਸਦੇ ਹੱਥ ਲਿਬੜੇ ਨੇ
ਜਿਸਦੇ ਤਨ ਕੱਪੜਾ ਨਹੀਂ
..ਉਂਝ ਮੈਂ ਬਹੁਤ ਅਮੀਰ ਹਾਂ ਅੱਜਕੱਲ੍ਹ।

•

## ਅਮੁੱਕ ਸਫ਼ਰ

ਹੋ- ਹੋ
ਹ–ਹ
ਅਹ ਮੁੜ ਢਾਂਡੀਏ
ਹਟ ਤੈਨੂੰ ਕਸਾਈਆਂ ਦੇ ਕਿੱਲੇ ਬੰਨ੍ਹਾਂ . . .

ਜਾਪਦਾ ਹੀ ਨਹੀਂ ਸੀ
ਤਾਰੂ ਹੁਣ ਵੱਡਾ ਹੋ ਚੁੱਕੈ
ਡੰਗਰਾਂ 'ਚ ਡੰਗਰ ਹੋਇਆ
ਦੂਰੋਂ ਵੇਖ ਕੇ ਦੱਸ ਦਿੰਦਾ
'ਫ਼ਲਾਂ ਝੋਟੀ ਪੰਜ ਕਲਿਆਣੀ ਇਆ,
ਏਹਨੂੰ ਤਾਂ ਸੁੱਖ ਨਾਲ
ਔਲਾਦ ਦੀ ਕਮੀਂ ਨਈਂ ਰਹਿਣੀ'

ਹੁਣ ਤਾਰੂ ਵੱਡਾ ਹੋ ਚੁੱਕਾ ਸੀ
ਆਉਣ ਵਾਲੀ ਨਸਲ ਲਈ
ਉਹ ਵੀ
ਚਾਰੂ ਪਿੱਤਰ ਕਹਿਲਾਵੇਗਾ
ਅਚੇਤ ਵੀ ਉਸਨੂੰ ਇਲਮ ਨਹੀਂ ਸੀ
ਪਿਉ ਦੀ ਇੱਛਾ ਤਾਂ
ਤਾਰੂ ਨੂੰ
ਤਾਰੂ ਸਿੰਘ ਬਣਾਉਣ ਦੀ ਸੀ
ਘਰ ਦੇ ਚੰਦਰੇ ਮਾਹੌਲ ਨੇ
ਪਰ
ਪਿਉ ਦੇ ਸ਼ਹਿਜਾਦੇ ਨੂੰ
ਸਾਹਿਬ ਨਹੀਂ ਸੀ ਬਣਨ ਦਿੱਤਾ

ਕੀ ਇਹ ਕੱਲਾ ਤਾਰੂ ਹੀ ਸੀ ?
ਕੀ ਤਾਰੂ ਜਿਹਾ ਕੋਈ ਹੋਰ ਤਾਰੂ ਨਾ ਸੀ ?
ਬੇਸ਼ੱਕ
ਗਾਰੇ 'ਤੇ ਰੇਤੇ 'ਚੋ ਸਿੰਘ ਨਾਂ ਦੀ ਤਲ਼ਾਸ਼ ਕਰਦੇ
ਹਜ਼ਾਰਾਂ ਹੀ ਤਾਰੂ ਦਿਸ ਆਉਂਦੇ
ਜੋ ਕਦੀ ਮੱਝਾਂ ਦੇ ਖੁਰਾਂ 'ਚੋਂ
ਰੂੜੀਆਂ 'ਚੋਂ, ਮੁਤਰਾਲ 'ਚੋਂ,
ਆਪਣੀ ਧੀ ਦਾ ਸੂਹਾ ਦਪੱਟਾ ਤਲਾਸ਼ਦੇ
ਆਪਣੇ ਸਪੁੱਤਰ ਲਈ
ਸਾਹਿਬ ਸ਼ਬਦ ਖੋਜਦੇ
ਆਪ ਕਦੀ ਵੀ ਤਾਰੂ ਸਿੰਘ ਨਾ ਬਣ ਸਕੇ।

•



## ਚਿਰਾਂ ਦੇ ਯੁੱਧ ਪਿੱਛੋਂ

ਪੱਤ ਫੁੱਟੇ, ਜਵਾਨ ਹੋਏ
ਕਿਣਕਾ-ਕਿਣਕਾ ਧੂੜ ਜੰਮੀ
ਬਾਰਿਸ਼ ਹੋਈ,
ਚਿਰਾਂ ਦੀ ਧੂੜ
ਪਲਾਂ 'ਚ ਲਹਿ ਗਈ
ਧੂੜ ਫਿਰ
ਕਿਣਕੇ ਕਿਣਕੇ ਦੀ ਜਮ੍ਹਾਂਬੰਦੀ 'ਚ ਪੈ ਗਈ

ਪੱਤ ਫੁੱਟੇ, ਜਵਾਨ ਹੋਏ
ਤਿੱਖੇ ਹੱਥਾਂ ਕੁਤਰ ਲਏ
ਬਹਾਰ ਆਈ
ਸੱਖਣੀ ਡਾਲੀ
ਫਿਰ ਪੱਤਾਂ ਨਾਲ ਭਰ ਗਈ
ਹੱਥ ਫਿਰ ਪੱਤਾ-ਪੱਤਾ ਤੋੜਨ 'ਚ ਰੁੱਝ ਗਏ

ਪੱਤ ਫੁੱਟੇ, ਜਵਾਨ ਹੋਏ
ਹਨ੍ਹੇਰ ਉਠਿਆ ਕਾਲਾ-ਬੋਲਾ
ਪੱਤ ਪੱਤ ਉਲਝ ਗਿਆ
ਪੱਤ ਫਿਰ ਸਿੱਧੇ ਹੋ
ਟਹਿਕਦੇ ਹੱਸਣ ਲੱਗੇ
ਹਨ੍ਹੇਰ ਫਿਰ ਅਗਲੀ ਮੁਹਿੰਮ ਦੀ ਤਿਆਰੀ 'ਚ ਰੁੱਝ ਗਿਆ

ਪੱਤ ਫੁੱਟਦੇ ਰਹੇ
ਧੂੜ ਜੰਮਦੀ ਰਹੀ
ਲਹਿੰਦੀ ਰਹੀ
ਹੱਥ ਕੁਤਰਦੇ ਰਹੇ
ਬਹਾਰ ਆਉਂਦੀ ਰਹੀ
ਹਨ੍ਹੇਰ ਉੱਠਦਾ ਰਿਹਾ
ਪੱਤ ਹੱਸਦੇ ਰਹੇ

ਚਿਰਾਂ ਦੇ ਯੁੱਧ ਪਿੱਛੋਂ
ਪੱਤ ਅੱਜ ਵੀ ਟਹਿਕਦੇ ਹਨ
ਹਨ੍ਹੇਰ ਮਰਦਾ ਹੈ
ਧੂੜ ਖਿੰਡਦੀ ਹੈ
'ਤੇ ਹੱਥ ਥੱਕਦੇ ਹਨ

ਪੱਤ ਫਿਰ ਵੀ ਹੱਸਦੇ ਹਨ।

•



# ਗਜ਼ਲ

ਭਰ ਨਫ਼ਰਤਾਂ ਜਾਂ ਭਰ ਪਿਆਰ ਦਾ ਖ਼ਤ ਲਿਖੀਂ
ਲਿਖੀਂ, ਪਰ ਦਿਸਹੱਦੇ ਤੋਂ ਆਰ ਦਾ ਖ਼ਤ ਲਿਖੀਂ।

ਹੋਵੇ ਜ਼ਰੂਰ ਕੁਝ ਦਹਿਕਦਾ ਖ਼ਤ ’ਚ ਤੇਰੇ
ਸ਼ਾਂ-ਸ਼ਾਂ ਕਰੇ ਐਸੀ ਧਾਰ ਦਾ ਖ਼ਤ ਲਿਖੀਂ।

ਹਰ ਕਿਧਰੇ ਹੀ ਰੰਗਾਂ ਦੀ ਹੈ ਤਲਾਸ਼,
ਜੇ ਲਿਖੇਂ ਤਾਂ ਸੂਹੀ ਕਤਾਰ ਦਾ ਖ਼ਤ ਲਿਖੀਂ।

ਮੈਂ ਇਕੱਠਾ ਕਰ ਲਿਐ ਆਪਣਾ ਸਾਰਾ ਵਜੂਦ
ਲੋੜ ਪਵੇ ਤਾਂ ਤਿੱਖੀ ਤਲਵਾਰ ਦਾ ਖ਼ਤ ਲਿਖੀਂ।

ਹਰ ਜਿੱਤ ਤੋਂ ਅਸੀਂ, ਚੰਗੇ ਹਾਂ ਨਾ-ਖ਼ੁਸ਼ਗਵਾਰ
ਨਾ ਲਿਖੀਂ, ਨਾ ਆਪਣੀ ਹਾਰ ਦਾ ਖ਼ਤ ਲਿਖੀਂ।

•

## ਗਜ਼ਲ

ਮੇਰੇ ਲਈ ਰੱਬ ਵੱਧ ਕਰਕੇ ਕੁਝ ਧਰਿਆ ਸੀ,
ਮੈਂ ਤਾਂ ਐਵੇਂ ਚੰਦ ਟੁਕੜਿਆਂ ਤੇ ਮਰਿਆ ਸੀ ।

ਲਿਖਿਆ ਤਾਂ ਹੈ ਕਰਮ ਬੰਦੇ ਦੇ ਅੰਗ ਅੰਗ ਵਿੱਚ,
ਪੰਡਿਤ ਐਵੇਂ ਹੱਥਾਂ ਦੇ ਵਿੱਚ ਪੜ੍ਹਿਆ ਸੀ ।

ਹੱਸ ਕੇ ਉਹ ਤਾਂ ਦਿੱਤੀ ਗਾਲ੍ਹ ਵੀ ਟਾਲ ਗਿਆ,
ਮੈਂ ਤਾਂ ਉਸਦੇ ਹੱਸਣ ਤੇ ਵੀ ਲੜਿਆ ਸੀ ।

ਰਾਤਾਂ ਦੀ ਤਾਂ ਨੀਂਦਰ ਹਰਦਮ ਟੁੱਟੀ ਹੈ,
ਨੇਰ੍ਹੇ ਪਿੱਛੋਂ ਕਦ ਨਾ ਸੂਰਜ ਚੜ੍ਹਿਆ ਸੀ ।

ਨਾ ਪੁੱਛ ਹੋਇਆ ਹਾਲ ਕਿਹਾ ਨਾ ਬੈਠਣ ਨੂੰ,
ਵਾਂਗ ਹਵਾ ਦੇ ਬੁੱਲੇ ਉਹ ਆ ਖੜ੍ਹਿਆ ਸੀ ।

•

## ਗਜ਼ਲ

ਇਸ਼ਕ ਦਾ ਹਾਸਲ ਹੀ ਕੁਝ ਏਦਾਂ ਦਾ ਹੈ,
ਇਸ਼ਕ ਵਿੱਚ ਮਰਕੇ ਹੀ ਹੁੰਦੀ ਬੰਦਗੀ ।

ਹੱਥੀਂ ਚੁਭਜੇਂ ਕੰਡਿਆ, ਕੀ ਰੋਸ ਕਾਹਦਾ ਹੈ ਗਿਲਾ,
ਕਿੰਝ ਆਖਾਂ ਰੱਖ ਨਾ ਤੂੰ, ਫੁੱਲ ਨਾ ਸੰਨਬੰਧਗੀ ।

ਇਕ ਤਲਬ ਬਾਕੀ ਅਜੇ ਪਾਕਿ ਤੇਰੀ ਨਜ਼ਰ ਦੀ,
ਮਨ ਭੁਲਾਵਾ, ਨਜ਼ਰ ਮੇਰੀ ਢੂੰਡਦੀ ਬਖ਼ਸ਼ਿੰਦਗੀ ।

ਕਿਸ ਤਰ੍ਹਾਂ ਲੱਭੇ ਵਸੀਲੇ, ਜ਼ਿੰਦ ਜੀਵਨ ਜਿਉਣ ਦੇ,
ਇੱਕ ਹਵਾ, ਪਣ, ਧੁੱਪ ਬਾਝੋਂ, ਕੂੜ ਸਾਰਾ ਗੰਦਗੀ ।

ਦੇਹ ਜ਼ਰਾ ਥਾਂ ਬਹਿਣ ਨੂੰ ਬਖਤਾਵਰਾ,
ਦਿਲ ਤੇਰੇ ਵਿਚ ਮੈਂ ਇਹੋ ਕੁਝ ਮੰਗਦੀ।

•

# ਗ਼ਜ਼ਲ

ਆਇਆ ਆਪਣੇ ਕੋਲ ਤਾਂ ਕੁਝ ਇਸ ਤਰ੍ਹਾਂ ਮੰਜ਼ਰ ਦਿਸੇ,
ਲਹਿਲਹਾਉਂਦੇ ਖੇਤ ਵੀ ਬੇਆਬਾਦ ਬੰਜ਼ਰ ਦਿਸੇ।

ਜਾਗਦੀ ਹੋਈ ਅੱਖ ਨੇ ਕੀ ਵੇਖਿਆ, ਜਾਂ ਵੇਖਿਆ,
ਲਾਸ਼ਾਂ ਉੱਤੇ ਉੱਸਰੇ ਕੁਝ ਮਸਜਿਦਾਂ ਮੰਦਰ ਦਿਸੇ।

ਐਤਕੀਂ ਜਾਂ ਨੱਚ ਕੇ ਉਨ੍ਹਾਂ ਮਨਾਉਣਾ ਚਾਹਿਆ,
ਬੇ-ਰਸੇ ਤੇ ਬੇ-ਹਯਾਏ ਯਾਰ ਹੀ ਕੰਜ਼ਰ ਦਿਸੇ।

ਸ਼ੋਖ਼ ਰੰਗਾਂ ਵਿੱਚ ਵੀ ਕੋਈ ਰੂਪ ਨਾ ਕੋਈ ਰੰਗ ਸੀ,
ਜ਼ਰਦ ਪੀਲੀਆਂ ਬੀਵੀਆਂ ਤੇ ਖ਼ਾਲੀ-ਖ਼ਾਲੀ ਵਰ ਦਿਸੇ।

•

## ਗ਼ਜ਼ਲ

ਚੇਤਿਆਂ ਦੇ ਵਿੱਚ ਕੁਝ ਇਕ ਨਾਂ, ਸ਼ਿਲਾਲੇਖ ਬਣ ਜਾਂਦੇ,
ਕੁਝ ਇੱਕ ਦੇ ਚਿਹਰੇ ਵੀ ਨਜ਼ਰੋਂ, ਹੋ ਜਾਂਦੇ ਕਾਫ਼ੂਰ।

ਚਾਹੇ ਦੂਰ ਰਹੇਂ ਤੂੰ ਨਜ਼ਰੋਂ, ਮੈਂ ਏਨਾਂ ਕਹਿ ਸਕਦਾਂ,
ਤੇਰਾ ਸੁਪਨਾ ਤੇਰੇ ਦਿਲ ਤੋਂ, ਹੋ ਨਾ ਜਾਵੇ ਦੂਰ।

ਕੁਝ ਵੀ ਫ਼ਰਕ ਨਹੀਂ ਸੀ ਪੈਣਾ, ਤੇਰੇ ਮੇਰੇ ਕਰਮਾਂ ਦਾ,
ਮੈਂ ਰੰਗ ਦਾ ਨਾ ਕਾਲਾ ਹੁੰਦਾ, ਤੂੰ ਨਾ ਹੁੰਦੀ ਹੂਰ।

ਆਪ ਹੀ ਚੱਲ ਕੇ ਮੈਂ ਤਾਂ ਆਪੂੰ, ਨੇਜੇ ਤੱਕ ਆ ਚੁੱਕਿਆ ਹਾਂ,
ਹੱਥਾਂ ਦੇ ਕੀਤੇ ਦਾ ਸੀਨੇਂ, ਚੁੱਕੇ ਭੁਗਤ ਕਸੂਰ।

ਸਾਨੂੰ ਸਾਡੀ ਚਾਲ ਪਿਆਰੀ, ਅਸੀਂ ਨਾ ਮੰਗਦੇ ਤੋਰ ਉਧਾਰੀ,
ਜੇ ਪੈਰ੍ਹਾਂ ਵਿੱਚ ਮੜ੍ਹਕ ਅਸਾਡੇ, ਨਾ ਤੂੰ ਆਖ ਗਰੂਰ।

•